# ਸੋਧ

ਮਈ 1980 (ਜਿਲਦ 9 ਨੰਬਰ 5)

**May 1980**

ਸੰਪਾਦਕ ਅਤੇ ਪ੍ਰਕਾਸ਼ਕ: ਗੁਰਵੇਲ ਸਿੰਘ ਪੰਨੂ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਮੁਖਤਿਆਰ ਸਿੰਘ (ਵਿਨੀਪੈੱਗ) ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

5

# ਸੇਧ


⊙ ਆਏ ਇਨਕਲਾਬ ਕੁਰਾਹੇ ਕਿਉਂ ?—12
ਕਾਮਰੇਡੀ ਜਾਂ ਅਫ਼ਸਰੀ ? (ਸਫ਼ਾ 3) — ਕਿਸ਼ਨ ਸਿੰਘ

⊙ ਅਕਾਦਮਕ ਆਜ਼ਾਦੀ ਬਾਰੇ (ਸਫ਼ਾ 10) — ਰਣਧੀਰ ਸਿੰਘ

⊙ ਸਮਕਾਲੀ ਪੰਜਾਬੀ ਸਮਾਜ ਵਿਚ
ਵਿਚਾਰਧਾਰਕ ਰੁਝਾਨ (ਸਫ਼ਾ 13) — ਭਗਵਾਨ ਸਿੰਘ ਜੋਸ਼

⊙ ਖੋਜ ਚਿਹਨ-ਵਿਗਿਆਨ ਅਤੇ ਪਟਿਆਲੇ
ਦੇ ਸੰਰਚਨਾਵਾਦੀ (ਸਫ਼ਾ 21) — ਭੁਪਿੰਦਰ ਸਿੰਘ ਖਹਿਰਾ

⊙ ਸਿਹਤ ਸੇਵਾਵਾਂ ਤੇ ਲੋਕ (ਸਫ਼ਾ 30) — ਡਾ: ਅਮਰ ਸਿੰਘ ਆਜ਼ਾਦ, ਡਾ: ਪਿਆਰਾ ਲਾਲ ਗਰਗ

⊙ ਕਹਾਣੀ : ਬੇਰੀ ਵਾਲਾ ਪੁੱਲ (ਸਫ਼ਾ 35) — ਰਣਜੀਤ ਸਿੰਘ

⊙ ਲੇਖਕ/ਪਾਠਕ ਕਹਿੰਦੇ ਹਨ (ਸਫ਼ਾ 40)

⊙ ਪੁਸਤਕ ਰੀਵੀਊ (ਸਫ਼ਾ 53)



**SEDH**
MAY, 1980
Vol. 9, No. 5
Price : Rs. 2.00

THE PUNJAB POULTRY DEVELOPMENT CORPORATION LTD.
(A STATE GOVERNMENT UNDERTAKING)
Regd office S.C.O. No. 2419-20 Sector 22-C Chandigarh

## GOOD NEWS

Our poultry feed is wholesome, balanced and of a very high quality. It removes all vitamin and mineral deficiencies and keeps the layers healthy and strong. The birds lay more and larger eggs. Our feed is processed under the direct supervision of technical experts, after due research.

You can purchase this feed from our centres at Chandigarh, Patiala, Ludhiana, Jullundur, Gurdaspur and Tarn Taran. as well as from our feed agencies in all the districts of the state. We also undertake to purchase eggs from the poultry farmers who buy and use our feed.

We sell fresh eggs, Poultry meat, Pork meat & its products, tasty & Nutritious Chicken Soup at PPC's shops at Chandigarh.

i) Booth No. 195, Sector 37-C
ii) Booth No. 24, Sector 18-C
iii) Booth No. 131, Sector, 7-B,
v) S.C.O. 2419-20, Sector, 22-C,
Egg Sale Depot (Wholesale)
1621-22 Chandrawal Road, Delhi.

Every body should take at least one egg a day. The use of eggs will keep you free from diseases and you will keep healthy, active and strong for ever.

An egg a day, keeps the doctor away,

Managing Director
Punjab Poultry Dev. Corporation LTD.
CHANDIGARH.







ਮੰਮੀ !
ਹਰ ਰੋਜ਼ ਮੇਰੀ
ਬੱਚਤ ਬੈਂਕ
ਜਾਵੇਗੀ

ਪੰਜਾਬ ਸਿੰਧ ਬੈਂਕ ਦੀ
ਛੋਟੀ ਬੱਚਤ ਸਕੀਮ
ਬੱਚਿਆਂ ਵਾਸਤੇ
ਬੱਚਤ ਦੀ ਆਦਤ ।

ਇਸ ਸਕੀਮ ਅਧੀਨ ਬਹੁਤ ਛੋਟੀਆਂ ਰਕਮਾਂ ਵੱਡੀਆਂ ਬੱਚਤਾਂ ਵਿਚ ਤਬਦੀਲ ਹੁੰਦੀਆ ਹਨ ।

ਬੈਂਕ ਦਾ ਏਜੰਟ ਅਪਣੇ ਆਪ ਤੁਹਾਡੇ ਪਾਸ ਆਕੇ ਤੁਹਾਡੀ ਰੋਜ਼ ਦੀ ਬੱਚਤ ਬੈਂਕ ਲੈ ਜਾਂਦਾ ਹੈ ।

ਬੱਚਤ ਦਾ ਸਭ ਤੋਂ ਸੌਖਾ ਢੰਗ : ਛੋਟੀ ਬੱਚਤ ਸਕੀਮ ।

ਵੇਰਵੇ ਵਾਸਤੇ ਬੈਂਕ ਦੀ ਕਿਸੇ ਵੀ ਬ੍ਰਾਂਚ ਵਿਖੇ ਆਓ ।

ASP/PSB/2021/1.80

ਪੀ ਐਸ ਬੀ ਸੰਪੂਰਨ ਬੈਂਕ–ਸੇਵਾ ਦਾ ਪ੍ਰਤੀਕ

## ਦਿੱਲੀ ਵਿਚ ਜਨ-ਸਿਹਤ ਅਤੇ ਡਾਕਟਰੀ ਸੇਵਾਵਾਂ

## ਜਨਮ ਅਤੇ ਮੌਤ ਦਰ 'ਚ ਕਮੀ

* ਪਿਛਲੇ ਕੁਝ ਸਾਲਾਂ ਦੌਰਾਨ ਦਿੱਲੀ ਵਾਸੀਆਂ ਦੀ ਸਿਹਤ ਦੀ ਵੇਖਭਾਲ ਅਤੇ ਡਾਕਟਰੀ ਸਹੂਲਤਾਂ ਕਾਫੀ ਵਧਾ ਦੇਣ ਨਾਲ ਹੁਣ ਲੋਕਾਂ ਦੀ ਉਮਰ ਵਧ ਗਈ ਹੈ ।
* ਬੱਚਿਆਂ ਦੀ ਮੌਤ ਦਰ 'ਚ ਕਾਫ਼ੀ ਕਮੀ ਹੋ ਗਈ ਹੈ ।
* ਤੁਹਾਨੂੰ ਅਤੇ ਤੁਹਾਡੇ ਬੱਚਿਆਂ ਨੂੰ ਸਿਹਤਮੰਦ ਅਤੇ ਲੰਮੀ ਉਮਰ ਦੇਣ ਦੇ ਯਤਨਾਂ ਲਈ ਸਾਨੂੰ ਤੁਹਾਡੇ ਸਹਿਯੋਗ ਦੀ ਜ਼ਰੂਰਤ ਹੈ ।
* ਜੇ ਤੁਹਾਡੇ ਪਰਿਵਾਰ 'ਚ ਕੋਈ ਬੱਚਾ ਜਨਮ ਲੈਂਦਾ ਹੈ ਜਾਂ ਕਿਸੇ ਦੀ ਮੌਤ ਹੁੰਦੀ ਹੈ ਤਾਂ ਇਸ ਦੀ ਸੂਚਨਾ ਜਨਮ-ਮੌਤ ਦਰਜ ਕਰਨ ਵਾਲੇ ਦਫ਼ਤਰਾਂ 'ਚ ਜ਼ਰੂਰ ਦਿਉ । ਇਹ ਕਾਨੂੰਨੀ ਤੌਰ 'ਤੇ ਬਹੁਤ ਜ਼ਰੂਰੀ ਹੈ ।
* ਤੁਹਾਡੀ ਸਹੂਲਤ ਲਈ ਦਿੱਲੀ ਦੇ ਸ਼ਹਿਰੀ ਅਤੇ ਦਿਹਾਤੀ ਇਲਾਕਿਆਂ ਵਿਚ ਜਨਮ-ਮੌਤ ਦਰਜ ਕਰਨ ਵਾਲੇ 300 ਦਫ਼ਤਰ ਖੋਹਲੇ ਗਏ ਹਨ ।
* ਬੱਚੇ ਦੇ ਜਨਮ ਦੀ ਸੂਚਨਾ 14 ਦਿਨ ਦੇ ਅੰਦਰ ਅਤੇ ਕਿਸੇ ਦੀ ਮੌਤ ਦੀ ਸੂਚਨਾ ਸੱਤ ਦਿਨ ਦੇ ਅੰਦਰ ਦੇਣੀ ਜ਼ਰੂਰੀ ਹੈ ।
* ਜਨਮ ਅਤੇ ਮੌਤ ਦਰਜ ਕਰਾਉਣ ਦਾ ਸਰਟੀਫਿਕੇਟ ਤੁਹਾਨੂੰ ਮੁਫਤ ਦਿਤਾ ਜਾਵੇਗਾ । ਸਰਟੀਫਿਕੇਟ ਲੈਣਾ ਨਾ ਭੁਲੋ, ਇਹ ਤੁਹਾਡੇ ਕੰਮ ਆਵੇਗਾ ।
* ਦਿੱਲੀ ਵਿਚ ਕਿਸੇ ਵੀ ਸਰਕਾਰੀ ਮਾਨਤਾ ਪ੍ਰਾਪਤ ਸਕੂਲ ਵਿਚ ਦਾਖਲੇ ਲਈ ਜਨਮ ਦਾ ਸਰਟੀਫਿਕੇਟ ਦੇਣਾ ਪੈਂਦਾ ਹੈ ।
* ਜੋ ਲੋਕ ਜਨਮ/ਮੌਤ ਦੀ ਸੂਚਨਾ ਸਮੇਂ ਸਿਰ ਨਹੀਂ ਦੇਣਗੇ ਉਹਨਾਂ ਨੂੰ 50 ਰੁਪਏ ਤਕ ਜੁਰਮਾਨਾ ਕੀਤਾ ਜਾ ਸਕਦਾ ਹੈ ।

ਵਧੇਰੇ ਜਾਣਕਾਰੀ ਲਈ :

ਅਰਥ ਅਤੇ ਅੰਕੜਾ ਦਫ਼ਤਰ, ਦਿੱਲੀ ਪ੍ਰਸ਼ਾਸਨ, ਪੁਰਾਣਾ ਸਕਤਰੇਤ ਨਾਲ ਸੰਪਰਕ ਕਰੋ ।

**ਸੂਚਨਾ ਅਤੇ ਪ੍ਰਚਾਰ ਡਾਇਰੈਕਟੋਰੇਟ, ਦਿੱਲੀ ਪ੍ਰਸ਼ਾਸਨ, ਦਿੱਲੀ ਰਾਹੀਂ ਜਾਰੀ**



ਆਏ ਇਨਕਲਾਬ ਕੁਰਾਹੇ ਕਿਉਂ ?—12

ਕਿਸ਼ਨ ਸਿੰਘ

## ਕਾਮਰੇਡੀ ਜਾਂ ਅਫ਼ਸਰੀ ?

**ਇਨਕਲਾਬ** ਆ ਚੁਕਿਆ ਹੈ । ਸਟੇਟ, ਪਰੋਲਤਾਰੀ ਦੀ ਡਿਕਟੇਟਰਸ਼ਿਪ ਹੈ । ਪੈਦਾਵਾਰ ਦੇ ਵਸੀਲੇ, ਇਸ ਸਟੇਟ ਦੀ ਮਲਕੀਅਤ ਹੋ ਚੁਕੇ ਹਨ । ਪੈਦਾਵਾਰ ਇਸ ਸਟੇਟ ਦੇ ਮਿਥਿਆਂ ਨਿਸ਼ਾਨਿਆਂ ਵਾਸਤੇ ਹੁੰਦੀ ਹੈ । ਪਰੋਲਤਾਰੀ ਦੇ ਪੈਂਤੜੇ ਦੇ ਨੁਕਤੇ ਤੋਂ ਇਹ ਨਿੱਕੀ ਜਾਂ ਮਾਮੂਲੀ ਪਰਾਪਤੀ ਨਹੀਂ । ਪਰ ਜੋ ਲੋੜੀਂਦਾ ਹੈ ਉਸ ਨੁਕਤੇ ਤੋਂ ਇਹ ਸਭ ਕੁਝ ਨਹੀਂ । ਕਾਫ਼ੀ ਵੀ ਨਹੀਂ । ਪਹਿਲੀ ਗੱਲ ਤਾਂ ਇਹ ਕਿ ਇਹ ਪਰੋਲਤਾਰੀ ਜਮਾਤ ਦੀ ਡਿਕਟੇਟਰਸ਼ਿਪ ਨਹੀਂ । ਅਜੇ ਇਹ ਬਨਾਮੀ ਹੈ । ਅਸਲ ਵਿਚ ਇਹ ਡਿਕਟੇਟਰਸ਼ਿਪ ਪਾਰਟੀ ਦੀ ਹੈ, ਜਮਾਤ ਦੀ ਨਹੀਂ । ਪਾਰਟੀ, ਜਮਾਤ ਦੀ ਥਾਂ, ਉਸ ਦੇ ਪੈਂਤੜੇ ਤੋਂ ਹੋ ਕੇ ਡਿਕਟੇਟਰਸ਼ਿਪ ਚਲਾ ਰਹੀ ਹੈ । ਜਿਸ ਤਰ੍ਹਾਂ ਏਂਗਲਜ਼ ਨੇ ਦਸਿਆ ਹੈ ਤੇ **ਸੇਧ** ਦੇ ਸਫ਼ਿਆਂ ਵਿਚ ਅਸੀਂ ਸਪੱਸ਼ਟ ਕਰ ਚੁਕੇ ਹਾਂ ਪੈਦਾਵਾਰ ਦੇ ਵਸੀਲਿਆਂ ਦਾ ਇਸ ਸਟੇਟ ਦੀ ਮਲਕੀਅਤ ਹੋਣਾ ਸਾਰੇ ਸਮਾਜ ਦੀ, ਪਰੋਲਤਾਰੀ ਜਮਾਤ ਦੀ ਮਲਕੀਅਤ ਹੋਣਾ ਨਹੀਂ । ਏਸੇ ਤਰ੍ਹਾਂ ਹੀ ਪਾਰਟੀ ਦੀ ਡਿਕਟੇਟਰਸ਼ਿਪ ਪਰੋਲਤਾਰੀ ਜਮਾਤ ਦੀ ਡਿਕਟੇਟਰਸ਼ਿਪ ਨਹੀਂ । ਫ਼ਰਜ਼ ਕਰੋ ਪਾਰਟੀ ਇਕਾਨੋਮਿਜ਼ਮ ਦਾ ਸ਼ਿਕਾਰ ਹੋ ਜਾਵੇ, ਪਰੋਲਤਾਰੀ ਦਾ ਪੈਂਤੜਾ ਹੀ ਛੱਡ ਜਾਵੇ ਇਹ ਪਰੋਲਤਾਰੀ ਦੀ ਡਿਕਟੇਟਰਸ਼ਿਪ ਦੀ ਥਾਂ ਬੁਰਜੁਆ ਡਿਕਟੇਟਰਸ਼ਿਪ ਹੋ ਜਾਵੇਗੀ (ਜਿਸ ਤਰ੍ਹਾਂ ਕਿ ਰੂਸ ਵਿਚ ਹੋ ਗਿਆ ਹੈ) ਫ਼ਰਜ਼ ਕਰੋ ਸਾਰੀ ਪਾਰਟੀ ਇਕਾਨੋਮਿਜ਼ਮ ਦਾ ਸ਼ਿਕਾਰ ਨਹੀਂ ਵੀ ਹੁੰਦੀ, ਸ਼ਿਕਾਰ ਹੋਇਆ ਹਿੱਸਾ ਪਾਰਟੀ ਵਿਚ ਜ਼ੋਰ ਪਕੜ ਜਾਂਦਾ ਹੈ, ਸਟੇਟ 'ਤੇ ਕਬਜ਼ਾ ਮਾਰ ਲੈਂਦਾ ਹੈ (ਜਿਸ ਤਰ੍ਹਾਂ ਕਿ ਚੀਨ ਵਿਚ ਹੋਇਆ ਹੈ) ਤਾਂ ਵੀ ਇਹ ਡਿਕਟੇਟਰਸ਼ਿਪ ਬੁਰਜੁਆ ਡਿਕਟੇਟਰਸ਼ਿਪ ਵਿਚ ਤਬਦੀਲ ਹੋ ਜਾਵੇਗੀ ।

ਇਸ ਡਿਕਟੇਟਰਸ਼ਿਪ ਦੀ ਕਮਜ਼ੋਰੀ ਦੀ ਏਥੇ ਹੀ ਬਸ ਨਹੀਂ । ਪਾਰਟੀ ਦੇ ਆਪਣਾ ਰੰਗ ਬਦਲ ਜਾਣ ਦੀ ਸੰਭਾਵਨਾ ਤਾਂ ਇਕ ਪਾਸੇ ! ਸਮਾਜਵਾਦ ਨੂੰ ਉਸਾਰਨਾ ਵਰਕਰ ਜਮਾਤ ਦਾ ਇਤਿਹਾਸਕ ਰੋਲ ਹੈ । ਪਰ ਮੂਲ ਰੂਪ ਵਿਚ ਉਹ ਅਜੇ ਆਪ ਵੀ ਪਰੋਲਤਾਰੀ ਦੇ ਪੈਂਤੜੇ 'ਤੇ ਨਹੀਂ । ਉਸ ਦੀਆਂ ਦਸੀਆਂ ਜਾ ਚੁਕੀਆਂ ਕਮਜ਼ੋਰੀਆਂ ਤੇ ਊਣਤਾਈਆਂ ਤੋਂ ਇਲਾਵਾ ਉਸ ਦਾ ਵੱਡਾ ਘਾਟਾ ਇਹ ਹੈ ਕਿ ਆਏ ਇਨਕਲਾਬ ਦੀ ਪੁਠ ਚੜ੍ਹੀ ਦੇ ਬਾਵਜੂਦ ਬਤੌਰ ਜਮਾਤ ਉਸ ਦੀ ਬਣਤਰ ਬੁਨਿਆਦੀ ਤੌਰ 'ਤੇ ਬੁਰਜੁਆ ਹੈ । ਉਹ ਹੀ ਜੋ ਪੈਦਾਵਾਰ ਦੇ ਬੁਰਜੁਆ ਰੂਪ ਨੇ ਬਣਾਈ ਹੈ । ਇਨਕਲਾਬ ਦੇ ਆਉਣ ਤੋਂ ਮਗਰੋਂ ਵੀ ਉਸ ਦੀ ਕੰਮ ਕਰਨ ਦੀ ਪਰੇਰਨਾ ਬੁਰਜੁਆ ਹੈ—ਪੈਸਾ ਹੈ ।

ਕੰਮ ਸਾਰੇ ਸਮਾਜ ਦੀ ਨੀਂਹ ਹੁੰਦਾ ਹੈ। ਜੋ ਪੈਦਾਵਾਰ ਦਾ ਰੂਪ, ਉਹ ਹੀ ਕਿਸਮ ਉਸ ਆਰਥਕ ਸਮਾਜਕ ਫਾਰਮੇਸ਼ਨ ਦੀ। ਤੇ ਉਹ ਹੀ ਕਿਸਮ ਉਸ ਦੇ ਬੰਦੇ ਦੀ, ਉਸ ਦੀ ਵਸੋਂ ਦੀ। ਬੰਦਾ ਹੈ ਕੀ ? ਉਸ ਦਾ ਅਮਲ, ਉਸ ਦਾ ਕੰਮ। ਕੰਮ ਦੀ ਕਿਸਮ ਕੀ ਹੈ ? ਕੰਮ ਦੀ ਪਰੇਰਨਾ। ਕੰਮ ਹੈ ਹੀ ਦੋ ਕਿਸਮ ਦਾ। ਤੀਸਰੀ ਕਿਸਮ ਦਾ ਨਾ ਹੈ, ਨਾ ਹੋ ਹੀ ਸਕਦਾ ਹੈ। ਇਕ ਕਿਸਮ ਦਾ ਕੰਮ ਹੈ—**ਗੁਲੱਮ।** ਗੁਲੱਮ ਉਹ ਕੰਮ ਹੈ ਜੋ ਪੈਸੇ ਵਾਸਤੇ, ਪੈਸੇ ਦੀ ਪਰੇਰਨਾ ਦੇ ਅਧੀਨ ਕੀਤਾ ਜਾਂਦਾ ਹੈ। ਉਹ ਗੁਲੱਮ ਕਿਉਂ ਹੈ ? ਇਸ ਵਾਸਤੇ ਕਿ ਜਿਸ ਆਰਥਕ ਸਮਾਜਕ ਫਾਰਮੇਸ਼ਨ ਵਿਚ ਕੰਮ ਪੈਸੇ ਵਾਸਤੇ ਹੁੰਦਾ ਹੈ ਉਸ ਵਿਚ ਪੈਸੇ ਦੀ ਸਰਦਾਰੀ ਹੈ, ਬੰਦਾ ਗੁਲਾਮ ਹੈ। ਪੈਸੇ ਦਾ ਗੁਲਾਮ ਹੈ। ਅਤੇ ਪੈਸੇ ਦੀ ਪਰੇਰਨਾ ਦੇ ਅਧੀਨ ਕਰੀਦਾ ਕੰਮ ਪੈਸੇ ਦੀ ਸਰਦਾਰੀ ਨੂੰ, ਦੂਸਰੇ ਲਫ਼ਜ਼ਾਂ ਵਿਚ ਬੰਦੇ ਦੀ ਗੁਲਾਮੀ ਨੂੰ ਹੋਰ ਪੱਕਿਆਂ ਕਰਦਾ ਹੈ। ਦੂਸਰੀ ਕਿਸਮ ਦਾ ਕੰਮ ਹੈ—**ਆਜ਼ਾਦ ਕੰਮ।** ਆਜ਼ਾਦ ਕੰਮ ਉਹ ਹੈ ਜੋ ਬੰਦੇ ਦੀ, ਸਰਬਤ ਦੀ ਆਜ਼ਾਦੀ ਦੇ ਨਵਿਤ ਕੀਤਾ ਜਾਂਦਾ ਹੈ, ਬੰਦੇ ਦੇ ਦਵਾਲਿਉਂ ਪੈਸੇ ਦੇ, ਜਾਇਦਾਦ ਦੇ, ਸਰਮਾਏ ਦੇ ਪਾਏ ਗੁਲਾਮੀ ਦੇ ਬੰਧਨ ਤੋੜਨ ਵਾਸਤੇ ਕੀਤਾ ਜਾਂਦਾ ਹੈ। ਬੰਦੇ ਦੀ ਬਣਤਰ ਉਸ ਦਾ ਕੀਤਾ ਕੰਮ, ਉਸ ਦਾ ਅਮਲ ਸਿਰਜਦਾ ਹੈ। ਜਿੰਨਾ ਚਿਰ ਪੈਦਾਵਾਰ ਦੇ ਰਿਸ਼ਤੇ ਬੁਰਜੁਆ ਹਨ, ਪੈਦਾਵਾਰ ਦਾ ਕੰਮ ਗੁਲੱਮ ਹੈ।

ਇਸ ਦੌਰਾਨ ਆਜ਼ਾਦ ਕੰਮ ਕੀ ਹੈ ? ਆਜ਼ਾਦ ਕੰਮ ਹੈ—ਮਾਰਕਸਵਾਦ ਨੂੰ ਪੜ੍ਹਨਾ, ਉਸ ਨੂੰ ਸਮਝਣਾ, ਉਸ ਨੂੰ ਆਪਣੇ ਹੱਡਾਂ ਵਿਚ ਰਚਾਉਣਾ ਤੇ ਸਮਾਜ ਵਿਚ ਚਲ ਰਹੇ ਮੁਖੀ ਵਿਰੋਧ ਦੇ ਪ੍ਰਸੰਗ ਵਿਚ ਬੁਰਜੁਆ ਪੈਂਤੜੇ ਦੇ ਵਿਰੁਧ ਜਮਾਤੀ ਜਦੋ-ਜਹਿਦ, ਬੁਰਜੁਆ ਰਿਸ਼ਤਿਆਂ ਨੂੰ ਬਦਲਣ ਵਾਸਤੇ ਬੁਰਦੋ ਬੁਰਦੀ। ਲੈਨਿਨ ਦੇ ਲਫ਼ਜ਼ਾਂ ਵਿਚ ਪਰੋਲਤਾਰੀ ਦੇ ਪੈਂਤੜੇ ਤੋਂ ਇਨਕਲਾਬੀ ਅਮਲ ਹੈ—**ਇਨਕਲਾਬ ਲਿਆਉਣ ਲਈ ਜਦੋ-ਜਹਿਦ, ਸਮਾਜ ਦੇ ਸਾਰੇ ਵੇਗ 'ਤੇ ਪਰੋਲਤਾਰੀ ਦੀ ਡਿਕਟਟਰਸ਼ਿਪ ਸਥਾਪਤ ਕਰਨਾ।**

ਇਨਕਲਾਬ ਦੇ ਆਇਆਂ ਵੀ ਪੁਜ਼ੀਸ਼ਨ ਕੀ ਹੈ ? ਕਿਸਾਨੀ ਤਬਕੇ ਦੀ ਤਾਂ ਕੀ, ਸਨਅਤੀ ਮਜ਼ਦੂਰ ਜਮਾਤ ਦੀ ਆਪਣੀ ਚੇਤਨਤਾ ਤੇ ਉਸ ਦਾ ਆਪਣਾ ਅਮਲ ਇਸ ਪੱਧਰ 'ਤੇ ਨਹੀਂ ਪਹੁੰਚੇ ਕਿ ਉਸ ਦੀ ਕੰਮ ਦੀ ਪਰੇਰਨਾ ਉਸ ਦੇ ਆਪਣੇ ਜਮਾਤੀ ਪੈਂਤੜੇ ਦੀ ਹੋਵੇ। ਉਸ ਦੀ ਕੰਮ ਦੀ ਪਰੇਰਨਾ ਪੈਸਾ ਹੀ ਹੈ। ਉਹ ਬੁਰਜੁਆ ਪੈਂਤੜੇ ਦੀ ਕੰਮ ਦੀ ਪਰੇਰਨਾ ਨੂੰ ਹੀ ਆਪਣੇ ਕਲੇਜੇ ਨਾਲ ਲਾਈ ਬੈਠਾ ਹੈ। ਪੋਲੀਂ ਪੈਰੀਂ ਕਿਸੇ ਹਾਲਤ ਵਿਚ ਵੀ ਉਸ ਨੂੰ ਛੱਡਣ ਨੂੰ ਤਿਆਰ ਨਹੀਂ। ਵਰਕਰ ਜਮਾਤ ਜ਼ਬਾਨੀ ਜਮ੍ਹਾਂ ਖ਼ਰਚ ਜੋ ਮਰਜ਼ੀ ਹੈ ਕਰੇ, ਨਾਹਰੇ ਜੋ ਮਰਜ਼ੀ ਹੈ ਲਾਵੇ; ਜਿੰਨਾ ਚਿਰ ਇਨਕਲਾਬ ਦੇ ਆਇਆਂ ਵੀ ਉਸ ਦੀ ਕੰਮ ਦੀ ਪਰੇਰਨਾ ਪੈਸਾ ਹੈ, ਅਸਲਿਉਂ, ਮੂਲ ਬਣਤਰੋਂ ਉਹ ਬੁਰਜੁਆ ਬਣਤਰ ਦੀ ਹੈ, ਬੁਰਜੁਆ ਪੈਂਤੜੇ 'ਤੇ ਹੈ। ਜੇ ਉਹ ਆਪ ਬੁਰਜੁਆ ਪੈਂਤੜੇ 'ਤੇ ਹੈ ਤਾਂ ਪਰੋਲਤਾਰੀ ਦੀ ਡਿਕਟੇਟਰਸ਼ਿਪ ਪੱਕਿਆਂ ਪੈਰਾਂ ਉਤੇ ਕਾਹਦੇ ਆਸਰੇ ਹੋ ਸਕਦੀ ਹੈ ? ਪਰੋਲਤਾਰੀ ਦੀ ਡਿਕਟੇਟਰਸ਼ਿਪ ਹਰ ਨੁਕਤੇ ਤੋਂ ਅਜੇ ਕੱਚਿਆਂ ਪੈਰਾਂ 'ਤੇ ਹੈ। ਇਸ ਵਾਸਤੇ ਹੀ ਮਾਓ ਵਾਰ ਵਾਰ ਕਹਿੰਦਾ ਹੈ ਕਿ ਪਰੋਲਤਾਰੀ ਦੀ ਡਿਕਟੇਟਰਸ਼ਿਪ ਦੇ ਪੈਰਾਂ ਨੂੰ ਪੱਕਿਆਂ ਕਰਨ ਵਾਸਤੇ, ਸਰਮਾਏਦਾਰੀ ਨੂੰ ਮੁੜ ਬਹਾਲ ਹੋਣੋ ਰੋਕਣ ਵਾਸਤੇ, ਤੇ ਸਮਾਜਵਾਦ ਨੂੰ ਉਸਾਰਨ ਵਾਸਤੇ ਕਲਚਰਲ ਇਨਕਲਾਬ ਨੂੰ ਲਿਆਉਣਾ ਅਤੀ ਜ਼ਰੂਰੀ ਹੈ ਅਤੇ ਵਕਤ ਦੀ ਅਹਿਮ ਲੋੜ ਹੈ।[1]

ਇਨਕਲਾਬ ਆਉਣ ਦੇ ਬਾਵਜੂਦ ਬੁਰਜੁਆ ਪੈਂਤੜਾ ਨਿਹੱਥਾ ਨਹੀਂ ਹੋਇਆ। ਉਸ ਦੇ ਕੋਲ ਸਮਾਜਕ ਵੇਗ ਦੀ ਅਜੇ ਬੜੀ ਵਸਤੂ ਹੈ। ਕੰਮ ਦੀ ਪਰੇਰਨਾ ਬੁਰਜੁਆ ਹੈ। ਕੰਮ ਦੀ ਵੰਡ ਬੁਰਜੁਆ



ਹੈ। ਪੈਦਾਵਾਰ ਦੇ ਰਿਸ਼ਤੇ ਬੁਰਜੁਆ ਹਨ। ਬੇਅੰਤ ਅਡੰਬਰਾਂ ਦੀ, ਸੰਸਥਾਵਾਂ, ਕੇਂਦਰਾਂ ਦੀ ਅਗਵਾਈ, ਬੰਦੋਬਸਤ ਉਸ ਦੇ ਹੱਥ ਹੈ। ਕਾਬਜ਼ ਬੁਰਜੁਆਜ਼ੀ ਸਟੇਟ 'ਤੇ ਕਬਜ਼ਾ ਖੁਹਾ ਚੁਕੀ ਹੈ। ਪੈਦਾਵਾਰ ਦੇ ਵਸੀਲੇ ਹਥੋਂ ਨਿਕਲ ਚੁਕੇ ਹਨ। ਉਹ ਮੈਦਾਨੇ-ਜੰਗ ਵਿਚ ਪਰੋਲਤਾਰੀ ਦੀ ਡਿਕਟੇਟਰਸ਼ਿਪ ਨੂੰ ਵੰਗਾਰ ਨਹੀਂ ਸਕਦੀ। ਖੰਭ ਖਲਾਰੇ ਵੀ ਤਾਂ ਉਹ ਝਾੜੇ ਜਾ ਸਕਦੇ ਹਨ। ਪਰ ਸਮਾਜ ਵਿਚੋਂ ਬੁਰਜੁਆਜ਼ੀ ਖ਼ਤਮ ਨਹੀਂ ਹੋ ਗਈ। ਜਿੰਨਾ ਚਿਰ ਉਸ ਦੇ ਪੈਦਾ ਹੋਣ ਵਾਸਤੇ ਸਮਾਜ ਵਿਚ ਜ਼ਮੀਨ ਜ਼ਰਖੇਜ਼ ਹੈ ਉਹ ਪੈਦਾ ਹੁੰਦੀ ਤੁਰੀ ਜਾਏਗੀ।[2] ਇਨਕਲਾਬ ਦੇ ਪਹਿਲਾਂ ਬੁਰਜੁਆ ਪੈਂਤੜਾ ਪਾਰਟੀ ਦੇ ਬਾਹਰੋਂ ਪਰੋਲਤਾਰੀ ਦੇ ਪੈਂਤੜੇ ਨੂੰ ਮੁਖ਼ਾਤਬ ਹੁੰਦਾ ਸੀ। ਇਨਕਲਾਬ ਦੇ ਮਗਰੋਂ ਉਹ ਪਾਰਟੀ ਦੇ ਅੰਦਰੋਂ ਪੈਂਦਾ ਹੈ। ਪਾਰਟੀ ਦਾ ਕਾਡਰ, ਉਸ ਦੇ ਲੀਡਰ ਜੋ ਇਕਾਨੋਮਿਜ਼ਮ ਦੇ ਸ਼ਿਕਾਰ ਹੋ ਜਾਂਦੇ ਹਨ ਉਹ ਬੁਰਜੁਆ ਪੈਂਤੜੇ ਦੇ ਹੋ ਕੇ ਲੜਦੇ ਹਨ। ਜੋ ਸੰਸਥਾ ਜਾਂ ਜੋ ਅਡੰਬਰ, ਪੈਦਾਵਾਰ ਦਾ ਜੋ ਕੇਂਦਰ ਪਾਰਟੀ ਦੇ ਐਸੇ ਕਾਡਰਾਂ/ਲੀਡਰਾਂ ਦੀ ਅਗਵਾਈ ਹੇਠ ਹੁੰਦਾ ਹੈ ਉਹ ਬੁਰਜੁਆ ਰਾਹੇ ਤੁਰਦਾ ਹੈ। ਉਸ ਦੀ ਤਾਕਤ ਹੁੰਦਾ ਹੈ। ਇਸ ਵਾਸਤੇ ਹੀ ਮਾਓ ਕਲਚਰਲ ਇਨਕਲਾਬ ਨੂੰ ਲਿਆਉਣ 'ਤੇ ਜ਼ੋਰ ਦੇਂਦਾ ਹੈ। ਕਲਚਰਲ ਇਨਕਲਾਬ ਜਮਾਤੀ ਜਦੋ-ਜਹਿਦ ਹੈ।

ਸਮਾਜਵਾਦੀ ਇਨਕਲਾਬ ਆਉਣ ਦੇ ਮਗਰੋਂ ਸਮਾਜ ਵਿਚ, ਆਪਸ ਵਿਚ ਵਿਰੋਧੀ, ਇਕ ਦੂਸਰੇ ਨੂੰ ਆਮ੍ਹੋ ਸਾਹਮਣੇ ਸਿਰਫ਼ ਦੋ ਜਮਾਤੀ ਪੈਂਤੜੇ ਹੀ ਰਹਿ ਜਾਂਦੇ ਹਨ—ਬੁਰਜੁਆ ਤੇ ਪਰੋਲਤਾਰੀ। ਤੀਸਰਾ ਜਮਾਤੀ ਪੈਂਤੜਾ ਨਾ ਕੋਈ ਹੁੰਦਾ ਹੈ, ਨਾ ਕੋਈ ਹੋ ਹੀ ਸਕਦਾ ਹੈ। ਨਾ ਹੀ ਨਿਰਪਖ ਵਾਸਤੇ ਕੋਈ ਜਗ੍ਹਾ ਹੁੰਦੀ ਹੈ। ਅਚੇਤ ਜਾਂ ਸੁਚੇਤ ਹਰ ਇਕ ਦੀ ਕਰਨੀ ਦਾ ਇਹਨਾਂ ਦੋਹਾਂ ਪੈਂਤੜਿਆਂ ਵਿਚੋਂ ਇਕ ਪੈਂਤੜਾ ਹੁੰਦਾ ਹੈ। ਮੁਲਕ ਵਿਚ ਪਰੋਲਤਾਰੀ ਦੀ ਡਿਕਟੇਟਰਸ਼ਿਪ ਦੇ ਸਥਾਪਤ ਹੋਣ ਨਾਲ ਬੁਰਜੁਆਜ਼ੀ ਹਿੱਕ ਡਾਹ ਕੇ ਮੈਦਾਨੇ-ਜੰਗ ਵਿਚ ਉਸ ਦੇ ਸਾਹਮਣੇ, ਉਸ ਨੂੰ ਵੰਗਾਰਨ ਵਾਸਤੇ ਆਉਣ ਜੋਗੀ ਨਹੀਂ ਰਹਿ ਗਈ ਹੁੰਦੀ। ਪਰ ਚੂੰਕਿ ਸਮਾਜ ਵਿਚ ਬੁਰਜੁਆ ਪੈਂਤੜੇ ਕੋਲ ਅਜੇ ਆਰਥਕ ਸਮਾਜਕ ਵਸਤੂ ਬਹੁਤ ਹੁੰਦੀ ਹੈ, ਇਸ ਵਾਸਤੇ ਸਮਾਜ ਵਿਚ ਬੁਰਜੁਆ ਅੰਸਰ ਬਹੁਤ ਹੁੰਦਾ ਹੈ। ਅੰਤ ਬੁਰਜੁਆ ਪੈਂਤੜਾ ਆਪਣੀ ਆਰਥਕ ਸਮਾਜਕ ਵਸਤੂ ਦੇ ਸਿਰ 'ਤੇ ਆਪਣੀ ਸਿਆਸੀ, ਵਿਚਾਰਧਾਰਕ ਲੀਡਰਸ਼ਿਪ ਵੀ ਉਸਾਰਦਾ ਹੈ। ਪਰੋਲਤਾਰੀ ਦੇ ਪੈਂਤੜੇ ਦੇ ਵਿਰੁਧ ਜਮਾਤੀ ਜਦੋ-ਜਹਿਦ ਕਰਨ ਵਾਸਤੇ ਐਸੀ ਲੀਡਰਸ਼ਿਪ ਉਸਾਰਨੀ ਉਸ ਦੇ ਵਾਸਤੇ ਲਾਜ਼ਮੀ ਹੁੰਦੀ ਹੈ। ਹੁਣ ਉਸ ਦੀ ਲੀਡਰਸ਼ਿਪ ਪਾਰਟੀ, ਫ਼ੌਜ, ਰਾਜ ਪ੍ਰਬੰਧ ਦੇ ਅਡੰਬਰ ਦੇ ਬਾਹਰੋਂ ਨਹੀਂ ਉਸਰ ਸਕਦੀ; ਪਾਰਟੀ ਤੇ ਰਾਜ-ਪ੍ਰਬੰਧ ਦੇ ਅਡੰਬਰ ਦੇ ਅੰਦਰੋਂ ਹੀ ਉਸਰਦੀ ਹੈ। ਇਨਕਲਾਬ ਦੇ ਮਗਰੋਂ ਵੀ ਇਹਨਾਂ ਦੋਹਾਂ ਪੈਂਤੜਿਆਂ ਦੀ ਆਪਸ ਵਿਚ ਜਮਾਤੀ ਜਦੋ-ਜਹਿਦ, ਦੋਹਾਂ ਵਾਸਤੇ ਜ਼ਿੰਦਗੀ ਮੌਤ ਦਾ ਸਵਾਲ ਹੁੰਦਾ ਹੈ। ਆਪਸ ਵਿਚ ਲਿਹਾਜ਼ ਪਿਆਜ ਦਾ ਕੋਈ ਸਵਾਲ ਹੀ ਨਹੀਂ ਹੋ ਸਕਦਾ। ਚੂੰਕਿ ਸਮਾਜ ਵਿਚ ਬੁਰਜੁਆਜ਼ੀ ਤੇ ਪਰੋਲਤਾਰੀ ਦੇ ਪੈਂਤੜਿਆਂ ਦਾ ਆਪਸ ਵਿਚ ਜਮਾਤੀ ਜਦੋ-ਜਹਿਦ ਬੇਅੰਤ ਸਖ਼ਤੀ ਨਾਲ ਚਲ ਰਹੀ ਹੁੰਦੀ ਹੈ, ਉਸ ਦਾ ਅਕਸ ਪਾਰਟੀ ਤੇ ਰਾਜ-ਪ੍ਰਬੰਧ ਦੇ ਅਡੰਬਰ ਦੇ ਵਿਚ ਵੀ ਲਾਜ਼ਮੀ ਹੋਣਾ ਹੋਇਆ।

ਇਹਨਾਂ ਦੋਹਾਂ ਪੈਂਤੜਿਆਂ ਦੀ, ਪਾਰਟੀ ਦੇ ਅੰਦਰ, ਜਮਾਤੀ ਜਦੋ-ਜਹਿਦ ਦੇ ਚਲਣ ਨਾਲ, ਪਾਰਟੀ ਦੀ ਲੀਡਰਸ਼ਿਪ, ਸਿਖਰਲੀ ਲੀਡਰਸ਼ਿਪ, ਦੇ ਅੰਦਰ ਵੀ ਜਮਾਤੀ ਪਾਟਕ ਪੈਂਦਾ ਹੈ।[4] ਇਹ ਜਮਾਤੀ ਪਾਟਕ ਪੈਣਾ ਲਾਜ਼ਮੀ ਹੁੰਦਾ ਹੈ। ਜਦੋਂ ਪਾਟਕ ਪੈਂਦਾ ਹੈ ਤਾਂ ਪਰੋਲਤਾਰੀ ਦੇ ਪੈਂਤੜੇ ਵਾਲੀ ਲੀਡਰਸ਼ਿਪ, ਬੁਰਜੁਆ ਪੈਂਤੜੇ 'ਤੇ ਰਹਿ ਗਈ, ਜਾਂ ਉਸ 'ਤੇ ਚਲੀ ਗਈ ਲੀਡਰਸ਼ਿਪ

ਉਤੇ ਬੁਰਜੁਆ ਬਣ ਜਾਣ ਦਾ ਜਾਇਜ਼ ਦੂਸ਼ਣ ਲਾਉਂਦੀ ਹੈ। ਉਸ ਦੀ ਜਮਾਤੀ ਪੁਜ਼ੀਸ਼ਨ ਨੂੰ ਨਿਧਰੇ ਨੰਗਿਆਂ ਕਰਦੀ ਹੈ। ਆਪਣੇ ਪੈਂਤੜੇ ਦੇ ਬਚਾਅ ਵਾਸਤੇ, ਇਨਕਲਾਬ ਦੀ ਰਾਖੀ ਵਾਸਤੇ, ਉਸ ਦੀ ਤੋਰ ਨੂੰ ਸਿੱਧੇ ਰਸਤੇ ਰਖਣ ਲਈ ਪਰੋਲਤਾਰੀ ਦੇ ਪੈਂਤੜੇ ਵਾਲੀ ਲੀਡਰਸ਼ਿਪ ਵਾਸਤੇ ਇਸ ਦੀ ਅਸਲੀਅਤ ਨੂੰ ਲੋਕਾਂ ਤਕ ਪਹੁੰਚਾਉਣਾ, ਉਹਨਾਂ ਨੂੰ ਇਸ ਦੀ ਕੀਤੀ ਤੋਂ ਜਾਣੂੰ ਕਰਾਉਣਾ, ਇਸ ਦੇ ਖਿਲਾਫ਼ ਲੋਕ ਰਾਏ ਨੂੰ ਖੜਿਆਂ ਕਰ ਕੇ ਜਥੇਬੰਦ ਕਰਨਾ ਲਾਜ਼ਮੀ ਹੁੰਦਾ ਹੈ। ਜਦੋਂ ਪਾਰਟੀ ਦੀ ਲੀਡਰਸ਼ਿਪ ਵਿਚ ਇਹ ਜਮਾਤੀ ਪਾੜਾ ਪੈਂਦਾ ਹੈ ਤਾਂ ਮਾਰਕਸਵਾਦ ਤੋਂ ਅਣਜਾਣ, ਤੇ ਇਨਕਲਾਬ ਦੀ ਤੋਰ ਦੀ, ਸਮਾਜਵਾਦ ਦੀ ਉਸਾਰੀ ਦੇ ਵੇਗ ਦੀ ਸਮਝੋਂ ਕੋਰੇ ਲੋਕ ਇਹ ਗੱਲ ਲੈ ਉਠਦੇ ਹਨ ਕਿ ਮਾਰਕਸਵਾਦ ਤਾਂ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਵਾਸਤੇ, ਐਵੇਂ ਉਪਰੋਂ ਪਾਇਆ ਉਛਾੜ ਹੀ ਹੁੰਦਾ ਹੈ, ਮੂੰਹ ਜ਼ਬਾਨੀ ਕੋਈ ਕੁਝ ਪਿਆ ਬਣੇ, ਵਿਚੋਂ ਮਨੁਖੀ ਬਣਤਰ ਉਹ ਹੀ ਹੁੰਦੀ ਹੈ, ਉਹ ਹੀ ਰਹਿੰਦੀ ਹੈ; ਹਰ ਕੋਈ ਤਾਕਤ ਦਾ ਲੋਭੀ ਹੁੰਦਾ ਹੈ। ਤਾਕਤ ਲੈਣ ਵਾਸਤੇ ਹਰ ਕੋਈ, ਕੋਈ ਨਾ ਕੋਈ ਪਾਖੰਡ ਖੜਾ ਕਰ ਲੈਂਦਾ ਹੈ। ਲੋਕਾਂ ਦੇ ਵਿਖਾਵੇ ਵਾਸਤੇ ਵਾਦਾਂ ਦੀ ਲੜਾਈ ਹੁੰਦੀ ਹੈ, ਪਰ ਵਿਚੋਂ ਹੁੰਦੀ ਹੈ ਤਾਕਤ ਦੀ ਹਵਸ। ਤਾਕਤ ਆਉਣ 'ਤੇ, ਤਾਕਤ ਦੀ, ਕੁਰਸੀਆਂ ਦੀ ਲੜਾਈ ਨੰਗੀ ਹੋ ਕੇ ਸਾਹਮਣੇ ਆ ਜਾਂਦੀ ਹੈ। ਸਾਰੀ ਜ਼ਿੰਦਗੀ ਦੇ ਸਿਆਸੀ ਸਾਥੀ ਇਕ ਦੂਸਰੇ ਦੇ ਦੁਸ਼ਮਣ ਬਣ ਜਾਂਦੇ ਹਨ। ਕਲ੍ਹ ਤਕ ਦੇ ਕਾਮਰੇਡ, ਮੁਢ ਦੇ ਲੁਕੇ ਗ਼ੱਦਾਰ ਕਰਾਰ ਦਿੱਤੇ ਜਾਣ ਲਗ ਪੈਂਦੇ ਹਨ।

ਐਸੇ ਲੋਕ ਬੰਦੇ ਦੀ ਬਣਤਰ ਦੀ ਕਾਇਆਂ-ਪਲਟੀ ਦੇ ਨੁਕਤੇ ਬਾਬਤ ਅਗੇ ਹੀ ਸਨਕੀ ਹੁੰਦੇ ਹਨ। ਪਾਰਟੀ ਦੀ ਲੀਡਰਸ਼ਿਪ ਵਿਚ ਪਿਆ ਜਮਾਤੀ ਪਾੜਾ ਉਹਨਾਂ ਦੇ ਪਰਤਖ ਨੂੰ ਪਰਮਾਣ ਮਿਲ ਜਾਂਦਾ ਹੈ। ਇਹ ਲੋਕ ਆਪਣੇ ਸਨਕੀਪੁਣੇ ਦਾ ਬੜੇ ਜੋਸ਼ ਨਾਲ, ਜੇਤੂ ਹੋਏ ਪਰਚਾਰ ਕਰਦੇ ਹਨ। ਮਾਰਕਸਵਾਦ ਦੇ ਅਣਜਾਣਾਂ ਦੇ ਮਨਾਂ ਵਿਚ ਇਸ ਦੇ ਸੱਚ ਬਾਬਤ ਬੇਇਤਬਾਰੀ ਤੇ ਬੇਵਿਸ਼ਵਾਸੀ ਜਗਾਉਂਦੇ ਹਨ ਪਾਰਟੀ ਦੀ ਲੀਡਰਸ਼ਿਪ ਵਿਚ ਪਿਆ ਇਹ ਜਮਾਤੀ ਪਾੜਾ ਹੁੰਦਾ ਤਾਂ ਤਾਕਤ ਦਾ ਹੀ ਮਸਲਾ ਹੈ (ਹੋਰ ਕੁਝ ਹੋ ਹੀ ਨਹੀਂ ਸਕਦਾ) ਪਰ ਹੁੰਦਾ ਹੈ—**ਜਮਾਤੀ ਤਾਕਤ ਦਾ, ਜਮਾਤੀ ਪੈਂਤੜ ਦੀ ਤਾਕਤ ਦਾ**। (ਜਮਾਤੀ ਪੈਂਤੜੇ ਨਾਲੋਂ ਟੁਟੀ, ਅਣਸਬੰਧਤ ਜ਼ਾਤੀ ਤਾਕਤ ਦਾ ਨਹੀਂ) ਇਨਕਲਾਬ ਹੁੰਦਾ ਹੀ ਤਾਕਤ ਦਾ, ਸਿਆਸੀ ਤਾਕਤ ਦਾ, ਸਟੇਟ ਦੀ ਤਾਕਤ ਦਾ ਮਸਲਾ ਹੈ। ਜਮਾਤੀ ਜਦੋ-ਜਹਿਦ ਹੁੰਦੀ ਹੀ ਸਟੇਟ ਦੀ ਤਾਕਤ ਵਾਸਤੇ ਹੈ। ਬੁਰਜੁਆ ਪੈਂਤੜੇ ਵਾਲੇ ਪਰੋਲਤਾਰੀ ਦੇ ਪੈਂਤੜੇ ਵਾਲਿਆਂ ਦੇ ਵਿਰੁਧ ਤਾਂ ਇਕ ਮੁਠ ਹੁੰਦੇ ਹਨ, ਪਰ ਇਸ ਮੁਹਾਜ਼ ਤੋਂ ਇਲਾਵਾ ਹੋਰ ਕਿਸੇ ਥਾਂ ਉਹਨਾਂ ਦੀ ਆਪਸ ਵਿਚ ਰਸਾਈ ਨਹੀਂ ਹੁੰਦੀ। ਜਿਸ ਤਰ੍ਹਾਂ ਸਭ ਸਰਮਾਏਦਾਰ ਵਰਕਰ ਜਮਾਤ ਦੇ ਵਿਰੁਧ ਤਾਂ ਇਕ-ਜਾਨ ਹੁੰਦੇ ਹੀ ਹਨ, ਪਰ ਉਹਨਾਂ ਦੀ ਆਪਸ ਵਿਚ ਖੜਕਦੀ ਵੀ ਰਹਿੰਦੀ ਹੈ; ਏਸੇ ਤਰ੍ਹਾਂ ਹੀ ਬੁਰਜੁਆ ਪੈਂਤੜੇ ਵਾਲੇ ਲੀਡਰਾਂ ਦੀ ਵੀ ਆਪੋ ਆਪਣੀ ਸਮਾਜਕ ਭੋਂ ਅਨੁਸਾਰ ਆਪਸ ਵਿਚ ਤਾਕਤ ਵਾਸਤੇ ਖਹਿ ਹੁੰਦੀ ਹੈ ਤੇ ਇਸ ਨੂੰ ਸਿਆਸੀ ਚੇਤਨਤਾਹੀਣ ਲੋਕ ਜ਼ਾਤੀ ਤਾਕਤ ਕਹਿੰਦੇ ਹਨ। ਇਹ ਨਹੀਂ ਕਿ ਲੀਡਰਸ਼ਿਪ ਦਾ ਅਰਥ ਹੀ ਨਹੀਂ ਹੁੰਦਾ। ਜੇ ਜ਼ਿੰਦਗੀ ਵਿਚ ਲੀਡਰਸ਼ਿਪ ਬੇਅਰਥ ਹੀ ਹੋਵੇ ਤਾਂ ਇਹ ਹੋਵੇ ਹੀ ਕਿਉਂ ? ਇਸ ਦਾ ਅਰਥ ਹੁੰਦਾ ਹੈ, ਪਰ ਸਮਾਜਕ ਤਾਕਤਾਂ ਤੋਂ ਤੀਲੇ ਤੋੜੀ ਵਿਚ ਨਹੀਂ। ਸਮਾਜਕ ਤਾਕਤਾਂ ਦੇ ਸਬੰਧ ਵਿਚ ਤੇ ਜਿਹੜੀਆਂ ਸਿਆਸੀ ਲੀਹਾਂ ਲੀਡਰਸ਼ਿਪਾਂ ਲੈਂਦੀਆਂ ਹਨ ਤੇ ਜਿਨ੍ਹਾਂ ਦੇ ਦੁਵਾਲੇ ਲੋਕਾਂ ਦੀ ਤਾਕਤ ਉਹ ਇਕੱਠੀ ਕਰਦੀਆਂ ਹਨ—ਉਹਨਾਂ ਦੇ ਆਧਾਰ 'ਤੇ। ਹਰ ਲੀਡਰਸ਼ਿਪ ਦੀ



ਸਮਾਜਕ ਭੋਂ ਹੁੰਦੀ ਹੈ ਤੇ ਮਾਰਕਸਵਾਦ ਨੂੰ ਉਹ ਸਮਝਣੀ ਚਾਹੀਦੀ ਹੈ। ਸਮਾਜਕ ਅਸਲੀਅਤ ਦੇ ਜਮਾਤੀ ਵਿਸ਼ਲੇਸ਼ਨ ਦਾ ਇਹ ਅਹਿਮ ਹਿੱਸਾ ਹੈ।

ਇਸ ਤੱਥ ਵਲ ਅਸੀਂ ਮੁੜ ਮੁੜ ਧਿਆਨ ਦਿਵਾ ਚੁਕੇ ਹਾਂ ਕਿ ਸਮਾਜਵਾਦੀ ਇਨਕਲਾਬ ਦੇ ਆਉਣ ਨਾਲ ਨਾ ਸਮਾਜ ਵਿਚੋਂ ਬੁਰਜੁਆਜ਼ੀ ਖ਼ਤਮ ਹੁੰਦੀ ਹੈ ਤੇ ਨਾ ਹੀ ਬੁਰਜੁਆ ਪੈਂਤੜਾ ਨਿਹੱਥਾ ਹੁੰਦਾ ਹੈ। ਇਹ ਤੱਥ ਜਿੰਨਾ ਵੀ ਦੁਹਰਾਇਆ ਜਾਵੇ, ਜਿੰਨਾ ਵੀ ਸਪੱਸ਼ਟ ਕੀਤਾ ਜਾਵੇ, ਓਨਾ ਹੀ ਥੋੜ੍ਹਾ ਹੈ। ਇਨਕਲਾਬ ਦੇ ਆਉਣ ਨਾਲ ਬੁਰਜੁਆਜ਼ੀ ਹਾਰਦੀ ਹੈ—ਮੈਦਾਨੇ-ਜੰਗ ਵਿਚ, ਫ਼ੌਜੀ ਤੌਰ 'ਤੇ...ਤੇ ਉਸ ਕਰਕੇ ਸਿਆਸੀ ਤੌਰ 'ਤੇ। ਪਰ ਇਸ ਹਾਰ ਦੇ ਬਾਵਜੂਦ ਵੀ ਬੁਰਜੁਆ ਪੈਂਤੜਾ—ਬੁਰਜੁਆ ਹੱਕ (**Bourgeois right**) ਅਜੇ ਬੜਾ ਮਜ਼ਬੂਤ ਹੁੰਦਾ ਹੈ। ਕੰਮ ਦੀ ਪਰੇਰਨਾ, ਕੰਮ ਦੀ ਵੰਡ—ਆਪਣੇ ਦੋਹਾਂ ਪਹਿਲੂਆਂ ਵਿਚ ਪੈਦਾਵਾਰ ਦੇ ਰਿਸ਼ਤੇ—ਪੈਦਾਵਾਰ ਕਰਨ ਦੇ ਵੇਗ ਵਿਚ ਪੈਦਾਵਾਰ ਕਰਨ ਵਾਲਿਆਂ ਦੇ ਆਪਸ ਵਿਚ ਰਿਸ਼ਤੇ, ਅਤੇ ਹੋਈ ਪੈਦਾਵਾਰ ਦੀ ਵੰਡ—ਸਭ ਹੀ ਤਕਰੀਬਨ ਜੂੰ ਦੇ ਤੂੰ, ਅਜੇ ਬੁਰਜੁਆ ਹੁੰਦੇ ਹਨ। ਉਸਾਰ ਦੀ ਪੱਧਰ 'ਤੇ ਵੀ ਬੁਰਜੁਆ ਪੈਂਤੜਾ ਅਜੇ ਬਹੁਤ ਕੁਛ ਦਾ ਮਾਲਕ ਹੁੰਦਾ ਹੈ। ਬੰਦੇ ਦੀ ਬਣਤਰ ਅਜੇ ਬਹੁਤ ਹੱਦ ਤਕ ਬੁਰਜੁਆ ਹੁੰਦੀ ਹੈ ਅਤੇ ਬੰਦਾ ਅੰਤ ਸਮਾਜ ਵਿਚ ਕਰਤਾ ਹੈ। ਪੁਰਾਣੇ ਬੁਰਜੁਆ ਖ਼ਿਆਲਾਂ, ਬੁਰਜੁਆ ਤੌਰ ਦੀਆਂ ਪਾਈਆਂ ਆਦਤਾਂ ਅਤੇ ਤੌਰਿਆਂ ਰਿਵਾਜਾਂ ਵਿਚ ਅਜੇ ਬੜੀ ਜਾਨ ਹੁੰਦੀ ਹੈ। ਵਸੋਂ ਦੇ ਮਨਾਂ 'ਤੇ ਬਹੁਤ ਹੱਦ ਤਕ ਅਜੇ ਬੁਰਜੁਆ ਕਲਚਰ ਸਵਾਰ ਹੁੰਦੀ ਹੈ। ਪੈਮਾਨਾ ਅਜੇ ਪੈਸੇ ਦਾ ਚਲਦਾ ਹੈ। ਜ਼ਿੰਦਗੀ ਵਿਚ ਕਾਮਯਾਬੀ ਅਜੇ ਪੈਸੇ ਤੇ ਪਦਵੀ ਵਿਚ ਹੀ ਸਮਝੀ ਜਾਂਦੀ ਹੈ। ਤੇ ਉਹ ਹੀ ਜ਼ਿੰਦਗੀ ਦਾ ਮਨੋਰਥ। ਮੋਟੇ ਤੌਰ 'ਤੇ **ਇਹ ਹੈ ਨਵੀਂ ਬੁਰਜੁਆਜ਼ੀ ਦੇ ਪੈਦਾ ਹੋਈ ਜਾਣ ਦੀ ਆਰਥਕ, ਸਮਾਜਕ, ਕਲਚਰਲ ਭੋਂ**।

ਬੁਰਜੁਆਜ਼ੀ ਦੇ ਪੈਦਾ ਹੋਈ ਜਾਣ ਵਾਸਤੇ ਬੁਰਜੁਆ ਹੱਕ ਇਕ ਅਹਿਮ ਆਰਥਕ ਨੀਂਹ ਹੈ। ਸਮਾਜਵਾਦੀ ਇਨਕਲਾਬ ਦੇ ਆਉਣ ਨਾਲ .ਪਾਰਟੀ ਤੇ ਰਾਜ-ਪ੍ਰਬੰਧ ਆਦਿ ਤੋਂ ਬਾਹਰ, ਸਮਾਜ ਵਿਚ, ਬੁਰਜੁਆਜ਼ੀ ਦੀ ਐਨੀ ਤਾਕਤ ਨਹੀਂ ਰਹਿੰਦੀ ਕਿ ਉਹ ਬਾਹਰੋਂ, ਸਮਾਜ ਵਿਚੋਂ ਪਰੋਲਤਾਰੀ ਦੀ ਡਿਕਟੇਟਰਸ਼ਿਪ ਉਤੇ ਹਮਲਾ ਰਕ ਸਕੇ। ਪਰ ਬੁਰਜੁਆਜ਼ੀ ਆਪਣੀ ਅੰਤਲੀ ਹਾਰ ਮੰਨਣ ਨੂੰ ਬਿਲਕੁਲ ਤਿਆਰ ਨਹੀਂ ਹੁੰਦੀ। ਸੋ ਬੁਰਜੁਆ ਪੈਂਤੜਾ ਆਪਣੀ ਸਿਆਸੀ ਵਿਚਾਰਧਾਰਕ ਲੀਡਰਸ਼ਿਪ ਬਣਾਉਂਦਾ ਹੈ। ਉਥੋਂ ਜਿਥੋਂ ਮੁਮਕਿਨ ਹੁੰਦੀ ਹੈ—ਪਾਰਟੀ ਤੇ ਰਾਜ-ਪ੍ਰਬੰਧ ਤੇ ਹੋਰ ਅਡੰਬਰਾਂ ਦੇ ਅੰਦਰੋਂ। ਬੁਰਜੁਆਜ਼ੀ ਦੇ ਪੈਦਾ ਹੋਈ ਜਾਣ ਦੀਆਂ ਜਮਾਤੀ ਤੇ ਇਤਿਹਾਸਕ ਜੜ੍ਹਾਂ ਹੁੰਦੀਆਂ ਨੇ ਤੇ ਉਹ ਵੀ ਬਹੁਤ ਡੂੰਘੀਆਂ ਤੇ ਕੋਈ ਵਜ੍ਹਾ ਨਹੀਂ ਕਿ ਸਿਆਸੀ ਫ਼ੌਜੀ ਤੌਰ 'ਤੇ ਹਾਰ ਕੇ ਵੀ ਉਹ ਮੁੜ ਸਮਾਜਕ ਮਨੁਖੀ ਜ਼ਿੰਦਗੀ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਨਾ ਕਰੇ। ਸੋ ਸਮਾਜਵਾਦ ਦੇ ਇਤਿਹਾਸਕ ਦੌਰ ਵਿਚ ਪਾਰਟੀ ਦੇ ਅੰਦਰ ਬੁਰਜੁਆਜ਼ੀ ਦਾ ਪੈਦਾ ਹੋਣਾ ਜਮਾਤੀ ਜਦੋ-ਜਹਿਦ ਦਾ ਅਹਿਮ ਖਾਸਾ ਹੈ। ਜਿੰਨਾ ਚਿਰ ਬੁਰਜੁਆਜ਼ੀ ਦੇ ਪੈਦਾ ਹੋਣ ਦੀ ਸਮਾਜ ਵਿਚ ਆਰਥਕ, ਸਮਾਜਕ, ਕਲਚਰਲ ਭੋਂ ਹੈ, ਸਮਾਜ ਵਿਚ ਬੁਰਜੁਆ ਹੱਕ ਬਰਕਰਾਰ ਹੈ ਓਨਾ ਚਿਰ ਪਾਰਟੀ ਵਿਚ ਬੁਰਜੁਆਜ਼ੀ ਨੂੰ ਪੈਦਾ ਹੋਣੋਂ ਕੋਈ ਬੰਦ ਨਹੀਂ ਕਰ ਸਕਦਾ। ਇਸ ਵਾਸਤੇ ਹੀ ਇਨਕਲਾਬ ਲਿਆਉਣ ਦੇ ਮਗਰੋਂ ਸਭ ਨਾਲੋਂ ਬੁਨਿਆਦੀ ਮਸਲਾ ਹੁੰਦਾ ਹੈ—**ਇਨਕਲਾਬ ਨੂੰ ਕਾਇਮ ਰਖਣਾ, ਵਰਕਰ ਜਮਾਤ ਦੀ ਤਾਕਤ ਨੂੰ ਬਰਕਰਾਰ ਰਖਣਾ, ਪਰੋਲਤਾਰੀ ਦੀ ਡਿਕਟੇਟਰਸ਼ਿਪ ਦੇ ਪੈਰ ਬੰਨ੍ਹਣੇ**। ਹਰ ਪੇਸ਼ ਮਸਲੇ ਨੂੰ ਦੇਖਣਾ ਹੁੰਦਾ ਹੈ—ਇਸ ਬੁਨਿਆਦੀ ਮਸਲੇ ਦੇ ਪ੍ਰਸੰਗ ਵਿਚ। ਕਰਨਾ

ਉਹ ਹੈ ਜੋ ਪਰੋਲਤਾਰੀ ਦੀ ਡਿਕਟੇਟਰਸ਼ਿਪ ਦੇ ਪੈਰ ਬੰਨ੍ਹੇ। ਜਿਸ ਦੇ ਕੀਤਿਆਂ ਇਸ ਦੇ ਪੈਰ ਖਿਸਕਣ ਉਸ ਨੂੰ ਕਰਨ ਦੇ ਰਾਹੇ ਨਹੀਂ ਜਾਣਾ। ਡਰ ਇਕ ਹੀ ਹੁੰਦਾ ਹੈ ਕਿ ਪਾਰਟੀ ਤੇ ਸਟੇਟ ਆਪਣਾ ਰੰਗ ਨਾ ਬਦਲ ਜਾਣ। ਪਰੋਲਤਾਰੀ ਦੇ ਪੈਂਤੜੇ ਤੋਂ ਉਠ ਕੇ ਬੁਰਜੁਆ ਪੈਂਤੜੇ ਦੀਆਂ ਨਾ ਹੋ ਬਹਿਣ। ਪੈਰਿਸ ਕਮੀਊਨ ਦੇ ਹੋਏ ਇਤਿਹਾਸਕ ਤਜਰਬੇ ਤੋਂ ਏਂਗਲਜ਼ ਇਸ ਨੁਕਤੇ ਬਾਬਤ ਸਪੱਸ਼ਟ ਤੌਰ 'ਤੇ ਆਗਾਹ ਕਰਦਾ ਹੈ।[5] ਦਸਦਾ ਹੈ ਕਿ ਪਰੋਲਤਾਰੀ ਦੀ ਡਿਕਟੇਟਰਸ਼ਿਪ ਦੇ ਸਥਾਪਤ ਹੋਣ ਤੋਂ ਮਗਰੋਂ ਇਸ ਗੱਲ ਦਾ ਖ਼ਿਆਲ ਰਖਣਾ ਚਾਹੀਦਾ ਹੈ ਕਿ ਸਟੇਟ ਤੇ ਉਸ ਦਾ ਅੰਡਬਰ ਮੁਲਖੱਈਏ ਦੇ ਸੇਵਾਦਾਰ ਹੋਣ ਦੀ ਥਾਂ ਉਹਨਾਂ ਦੇ ਮਾਲਕ ਬਣ ਕੇ ਉਹਨਾਂ ਦੇ ਸਿਰ 'ਤੇ ਸਵਾਰ ਨਾ ਹੋ ਜਾਣ। ਸਿੱਧੇ ਲਫ਼ਜ਼ਾਂ ਵਿਚ ਇਨਕਲਾਬ ਤੋਂ ਮਗਰੋਂ ਪਾਰਟੀ ਦੇ ਮੈਂਬਰ, ਉਸ ਦਾ ਕਾਡਰ, ਉਸ ਦੀ ਲੀਡਰਸ਼ਿਪ ਕਾਮਰੇਡ ਰਹਿਣ ਦੀ ਥਾਂ ਅਫ਼ਸਰ ਨਾ ਬਣ ਬੈਠੇ। ਪਾਰਟੀ ਦਾ ਅਫ਼ਸਰਸ਼ਾਹੀ ਵਿਚ ਤਬਦੀਲ ਹੋ ਜਾਣਾ ਆਏ ਇਨਕਲਾਬ ਦੀ ਨਗੇਜ਼ਨ ਹੈ। (ਚਲਦਾ)

---

1. "The current Great Proletarian Cultural Revolution is absolutely necessary and most timely for consolidating the dictatorship of the proletariat, preventing capitalist restoration and building socialism." Mao

2. "Yes, by overthrowing the landlords and bourgeoisie we cleared the way but we did not build the edifice of socialism. On the ground cleared of one bourgeois generation, new generations continually appear in history, as long as the ground gives rise to them, and it does give rise to any number of bourgeois generations. As for those who look at the victory over the capitalists in the way the petty proprietors look at it—'they grabbed, let me have a go too'—indeed, every one of them is the source of a new generation of bourgeois." —Lenin

3. "Apparently, we couldn't do without the great Proletarian Cultural Revolution, for our base was not solid. From my observations, I am afraid that in a fairly large majority of factories—I don't mean all or the overwhelming majority—leadership was not in the hands of real Marxists and the masses of workers. Not that there were no good people among the secretaries, deputy secretaries and members of party committees, among the party branch secretaries, but they followed the line of Liu Shao-chi's, just resorting to material incentive, putting profit in command, and instead of promoting proletarian politics, handing out bonuses, and so forth. But there are indeed bad people in the factories. This shows that revolution is still unfinished. Mao

4. "With the socialist revolution they themselves come under fire. At the time of the cooperative transformation of agriculture there were people in the party who opposed it, and when it comes to criticizing bourgeois right, they resent it. You are making the socialist revolution, and yet do not know where the bourgeoisie is. It is right in the Communist Party—those in power taking the capitalist road. The capitalist roaders are still on the capitalist road." Mao

5. In summing up the historical experience of the Paris Commune, Engels pointed out that after the establishment of the dictatorship of the proletariat, it is necessary to guard "against this transformation of the state and the organs of the state from servants of society into masters of society"—"in pursuance of their own special interests." (Introduction by Engels to Karl Marx : The Civil War in France)

---

ਪ੍ਰਾਪਤ ਪੁਸਤਕਾਂ

* ਸ਼ੀਸ਼ੇ ਦਾ ਜੰਗਲ (ਗ਼ਜ਼ਲਾਂ); ਜਗਤਾਰ; ਦੀਪਕ ਪਬਲਿਸ਼ਰਜ਼, ਮਾਈ ਹੀਰਾਂ ਗੇਟ, ਜਲੰਧਰ : ਸਫ਼ੇ 104; ਮੁੱਲ : 20 ਰੁਪੈ
* ਰਾਤ ਦੇ ਰਾਹੀ (ਨਾਵਲ); ਕਰਮਜੀਤ ਸਿੰਘ ਕੁੱਸਾ; ਆਰਸੀ ਪਬਲਿਸ਼ਰਜ਼, ਦਿਲੀ; ਸਫ਼ੇ : 296; ਮੁਲ : 15 ਰੁਪੈ

---

ਸੂਚਨਾ : ਅਗਲੇ ਅੰਕ ਵਿਚ ਜੋਗਿੰਦਰ ਕੈਰੋਂ ਦਾ ਲੇਖ "ਪੰਜਾਬੀ ਸੱਭਿਆਚਾਰ ਦੀ ਮੁਢਲੀ ਜੁਗਤ ਦਾ ਮਸਲਾ—ਭੁਪਿੰਦਰ ਸਿੰਘ ਖਹਿਰਾ ਤੇ ਸੁਰਜੀਤ ਲੀ ਦੇ ਪ੍ਰਸੰਗ ਵਿਚ" ਪੜ੍ਹੋ।

---

ਨੋਟ : ਡਾਇਰੈਕਟਰ, ਸਿਖਿਆ ਵਿਭਾਗ, ਪੰਜਾਬ ਦੀ ਚਿੱਠੀ ਨੰ: 3/63-72 ਐ: ਪੰ: ਮਿਤੀ 21.7.3 ਅਨੁਸਾਰ ਸੇਧ ਕਾਲਜਾਂ ਦੀਆਂ ਲਾਇਬ੍ਰੇਰੀਆਂ ਲਈ ਮੰਨਜ਼ੂਰ ਹੈ।

---


Send subscriptions & donations to :

* MR. P.S. Mahai
35, FURROW WAY
MAIDENHEAD,
BERKS, U.K.
* Mr. G.S. PANNU
3362 E, 29th AVE.,
VANCOUVER-16 (B.C.)
CANADA

Price : Rs. 2.00 per copy
Subscription :
Annual (India) : Rs. 20
U.K., U.S.A., Canada : Rs. 100 (By air)
(Pakistan) : Rs. 40
Life membership : Rs. 200 (India)
Rs 1,000 (Foreign)

**ਰਣਧੀਰ ਸਿੰਘ**

## ਅਕਾਦਮਕ ਆਜ਼ਾਦੀ ਬਾਰੇ

(ਪ੍ਰੋਫੈਸਰ ਰਣਧੀਰ ਸਿੰਘ ਪੰਜਾਬ ਦੇ ਮਾਰਕਸਵਾਦੀ ਦਾਨਸ਼ਵਰਾਂ ਦੀ ਪਹਿਲੀ ਪੀੜ੍ਹੀ ਵਿਚੋਂ ਹਨ ਤੇ ਇਹਨਾਂ ਦੀ ਭਾਰਤ ਵਿਚ ਰਾਜਨੀਤੀ-ਵਿਗਿਆਨੀ ਵਜੋਂ ਬਹੁਤ ਉੱਚੀ ਥਾਂ ਹੈ। ਇਹਨਾਂ ਦੀ ਕਿਤਾਬ **Reason, Revolution and Political Theory** ਦੁਨੀਆਂ ਭਰ ਵਿਚ ਚਰਚਿਤ ਹੋਈ ਹੈ। ਅੱਜਕਲ੍ਹ, ਇਹ ਦਿੱਲੀ ਯੂਨੀਵਰਸਿਟੀ ਦੇ ਰਾਜਨੀਤੀ ਵਿਭਾਗ ਦੇ ਮੁਖੀ ਹਨ। ਇਹਨਾਂ ਨੇ **ਕਮਿਊਨਿਸਟ ਮੈਨੀਫੈਸਟੋ** ਦਾ ਪਹਿਲਾ ਪੰਜਾਬੀ ਅਨੁਵਾਦ ਕੀਤਾ ਸੀ। ਕਿਸੇ ਵੇਲੇ ਹਿੰਦ ਕਮਿਊਨਿਸਟ ਪਾਰਟੀ ਦੇ ਕੁਲਵਕਤੀ ਵੀ ਹੁੰਦੇ ਸਨ ਤੇ ਜੋਸ਼ ਤਖ਼ਲੁੱਸ ਹੇਠ ਇਹਨਾਂ ਦਾ ਕਾਵਿ-ਸੰਗ੍ਰਹਿ **ਧੂੜਾਂ ਮੱਲ ਰਾਹ** ਵੀ ਛਪਿਆ ਸੀ। ਅਕਾਦਮਕ ਆਜ਼ਾਦੀ ਬਾਰੇ ਇਹਨਾਂ ਦਾ ਇਹ ਲੇਖ ਇਸ ਗੰਭੀਰ ਵਿਸ਼ੇ ਨੂੰ ਠੋਸ ਵਿਗਿਆਨਕ ਲੀਹਾਂ 'ਤੇ ਵਿਚਾਰਦਾ ਹੈ)

**ਅਕਾਦਮਕ ਆਜ਼ਾਦੀ** ਦਾ ਮਸਲਾ ਭਾਵੇਂ ਹਮੇਸ਼ਾਂ ਹੀ ਅਹਿਮ ਰਿਹਾ ਹੈ, ਪਰ ਇਹਦੀ ਲਾਜ਼ਮੀਅਤ ਤੇ ਅਹਿਮੀਅਤ ਇਹਨਾਂ ਦੋ ਕਾਰਨਾਂ ਕਰਕੇ ਹੋਰ ਵੀ ਵਧ ਗਈ ਹੈ : (ੳ) ਐਮਰਜੈਂਸੀ ਦਾ ਤਜਰਬਾ, ਜਿਹੜਾ ਅਕਾਦਮਕ ਭਾਈਚਾਰੇ ਨੂੰ ਹੋਰਨਾਂ ਲੋਕਾਂ ਨਾਲ ਰਲ ਕੇ ਹੋਇਆ ਅਤੇ (ਅ) ਜਨਤਾ ਪਾਰਟੀ ਨੇ ਐਮਰਜੈਂਸੀ ਤੋਂ ਬਾਅਦ ਆਪਣੀ ਸਰਕਾਰ ਰਾਹੀਂ ਵਿਦਿਅਕ ਤੇ ਅਕਾਦਮਕ ਖੇਤਰਾਂ ਵਿਚ ਜੋ ਨੀਤੀਆਂ ਲਾਗੂ ਕੀਤੀਆਂ। ਇਸ ਮਸਲੇ ਬਾਰੇ ਜਿਹੜੀ ਨਵੀਂ ਚੇਤਨਾ ਆਈ ਹੈ, ਉਹਨੂੰ ਲਾਜਮੀ ਤੌਰ 'ਤੇ ਬਰਕਰਾਰ ਰਖਣਾ ਚਾਹੀਦਾ ਹੈ ਤੇ ਇਸ ਚੇਤਨਾ ਨੂੰ ਹੋਰ ਤਿੱਖਿਆਂ ਤੇ ਡੂੰਘਿਆਂ ਕਰਨ ਦੀ ਲੋੜ ਹੈ।

ਇਹ ਵਿਸ਼ਾ ਏਨਾ ਤਿਲ੍ਹਕਵਾਂ ਹੈ ਕਿ ਰੋਜ਼ਾਨਾ ਅਖ਼ਬਾਰਾਂ ਵਿਚ ਅਕਾਦਮਕ ਮਸਲਿਆਂ ਬਾਰੇ ਕਾਲਮ ਲਿਖਣ ਵਾਲੇ ਤੇ ਇਥੋਂ ਤਕ ਕਿ ਬਹੁਤ ਸਾਰੇ ਵਿਦਿਆਵਾਨ ਬੰਦੇ ਵੀ ਥੋਥੀਆਂ ਗੱਲਾਂ ਕਰਨ ਲਗ ਪੈਂਦੇ ਹਨ। ਇਹ ਤਾਂ ਸਰਵਵਿਆਪਕ ਮਨੌਤ ਹੈ ਕਿ ਅਕਾਦਮਕ ਆਜ਼ਾਦੀ ਦੀ ਅਹਿਮ ਕਦਰ-ਕੀਮਤ ਜਾਂ ਅਸੂਲ ਵਜੋਂ ਥਾਂ ਹੈ। ਜਦ ਸਤਿ (**Truth**) ਦੀ ਭਾਲ ਨਾਲ ਸੰਬੰਧਿਤ ਇਹਦੇ ਅਨੁਭਾਵਕ ਜਾਂ ਵਿਗਿਆਨਕ ਪੱਖ ਦੀ ਆਮ ਮਾਨਤਾ ਹੈ, ਤਾਂ ਇਹ ਮਸਲਾ ਬੁਨਿਆਦੀ ਤੌਰ 'ਤੇ ਸਦਾਚਾਰਕ ਮਸਲਾ ਮੰਨਿਆ ਜਾਂਦਾ ਹੈ, ਜੋ ਕਿ ਸਾਡੀ ਰਾਏ ਵਿਚ ਕਾਫ਼ੀ ਦਰੁਸਤ ਹੈ। ਪਰ ਅਕਸਰ ਇਸ ਅਸੂਲ ਨੂੰ ਨਿਰਪੇਖ ਜਾਂ ਅਮੂਰਤ ਸ਼ਬਦਾਂ ਵਿਚ ਬਿਆਨ ਕੀਤਾ ਜਾਂਦਾ ਹੈ ਅਤੇ "ਅਕਾਦਮਕ ਕਾਰਜ ਦੀ ਖ਼ਸਲਤ", "ਮਨੁੱਖ ਦੀ ਸਤਿ ਲਈ ਭਾਲ", "ਸੁਤੰਤਰ ਖੋਜ ਦੀ ਸਪਿਰਟ" ਆਦਿ ਗੱਲਾਂ ਨਾਲ ਇਹਦੀ ਪੈਰਵੀ ਕੀਤੀ ਜਾਂਦੀ ਹੈ ਅਤੇ ਫੇਰ ਹੱਦ ਦਰਜੇ ਦੀਆਂ ਉਪਯੋਗੀ ਤੇ



ਮੌਕਾਪ੍ਰਸਤ ਕਿਸਮ ਦੀਆਂ ਛੋਟਾਂ ਦੇ ਦਿੱਤੀਆਂ ਜਾਂਦੀਆਂ ਹਨ, ਤਾਂ ਗੱਲ ਲਾਂਭੇ ਚਲੀ ਜਾਂਦੀ ਹੈ ਤੇ ਅਸਲੀ ਅਸੂਲ ਦਾ ਕੁਝ ਬਚਦਾ ਨਹੀਂ। ਇਹ ਵਿਚਾਰ-ਵਿਧੀ ਬੁਰਜੁਆ ਸਦਾਚਾਰਕ ਵਿਚਾਰਧਾਰਾ ਦਾ ਅੰਗ ਹੈ ਕਿ ਕਿਸੇ ਗੱਲ ਦਾ ਆਧਾਰ ਹੀ ਵਿਗਾੜ ਦਿਉ; ਪੇਚੀਦਾ ਦੁਵਿਧਾਵਾਂ ਖੜੀਆਂ ਕਰ ਦਿਓ ਤੇ ਬੁਰਜੁਆ ਸਦਾਚਾਰ ਦੇ ਸਿਧਾਂਤ ਨੂੰ ਬੁਰਜੁਆ ਸਦਾਚਾਰ ਦੇ ਅਮਲ ਨਾਲੋਂ ਵੰਡਣ ਵਾਲਾ ਪਾੜਾ ਪਾ ਦਿਉ। ਇਹ ਬੁਰਜੁਆ ਵਿਚਾਰ-ਵਿਧੀ ਇਸ ਗੱਲ ਤੋਂ ਇਨਕਾਰੀ ਹੈ ਕਿ ਸਾਰੇ ਸਦਾਚਾਰਕ ਮਸਲੇ ਬੁਨਿਆਦੀ ਰੂਪ ਵਿਚ ਠੋਸ ਤੇ **ਇਤਿਹਾਸਕ** ਹੁੰਦੇ ਹਨ, ਅਤੇ ਇਹ ਕਿ ਇਸ ਵਾਸਤੇ ਇਹਨਾਂ ਮਸਲਿਆਂ ਨੂੰ, ਜਿਨ੍ਹਾਂ ਵਿਚ ਅਕਾਦਮਕ ਆਜ਼ਾਦੀ ਦਾ ਮਸਲਾ ਵੀ ਸ਼ਾਮਿਲ ਹੈ, ਠੋਸ ਤੇ ਇਤਿਹਾਸਕ ਤੌਰ 'ਤੇ ਸਪੱਸ਼ਟ ਸ਼ਬਦਾਂ ਵਿਚ ਖੜੇ ਕਰਨ, ਸਮਝਣ ਤੇ ਨਜਿੱਠਣ ਦੀ ਲੋੜ ਹੈ।

ਉਪਰ ਦੱਸੀਆਂ ਛੋਟਾਂ "ਸਮਾਜ ਦੇ ਹਿੱਤਾਂ", "ਵਿਦਿਆਵਾਨ ਦੀ ਸਮਾਜ ਤਾਈਂ ਜ਼ਿੰਮੇਦਾਰੀ", "ਸਮਾਜ-ਵਿਗਿਆਨੀਆਂ ਦੀ ਸਮਾਜਕ ਜਵਾਬ-ਦੇਹੀ" ਦੇ ਨਾਂਉਂ 'ਤੇ ਦਿੱਤੀਆਂ ਜਾਂਦੀਆਂ ਹਨ ਜਾਂ ਇਹਨਾਂ ਗੱਲਾਂ ਦੇ ਬਹਾਨੇ ਗੱਲ ਲਾਂਭੇ ਪਾ ਦਿੱਤੀ ਜਾਂਦੀ ਹੈ। ਪਰ ਇੰਜ ਵਧੇਰੇ ਅਹਿਮ ਮਸਲੇ ਦੀ ਸੋਝੀ ਤੋਂ ਬਿਨਾਂ ਹੀ ਕੀਤਾ ਜਾਂਦਾ ਹੈ : ਕਿ ਇਹ ਸਮਾਜ ਹੈ **ਕੀ** ਚੀਜ਼? ਜਾਂ ਇਹ ਸਮਾਜ **ਕਿਹੜਾ** ਹੈ? "ਸਮਾਜ ਦੇ ਹਿੱਤ", ਇਹ "ਜ਼ਿਮੇਦਾਰੀ" ਜਾਂ "ਸਮਾਜਕ ਜਵਾਬਦੇਹੀ" ਦਾ ਫ਼ੈਸਲਾ ਕੌਣ ਕਰਦਾ ਹੈ? ਸਾਫ਼ ਜ਼ਾਹਰ ਹੈ ਕਿ ਇਹੋ ਜਿਹੀ ਸੋਝੀ ਜਾਂ ਜਵਾਬਤਲਬੀ ਨਾਲ ਹਰ ਕਿਸਮ ਦੇ ਟੇਢੇ ਮਸਲੇ ਖੜੇ ਹੋ ਜਾਣਗੇ ਅਤੇ ਇਹ ਸੋਝੀ ਸਾਡੇ ਸਮਾਜ ਦੀ ਹਕੀਕੀ ਖ਼ਸਲਤ, ਇਹਦੇ ਜਮਾਤੀ ਖ਼ਾਸੇ, ਹਾਕਮ ਜਮਾਤਾਂ ਦੀ ਹੋਂਦ ਤੇ ਸਰਦਾਰੀ ਆਦਿ ਵਲ, ਆਪਣੀਆਂ ਸਾਰੀਆਂ ਵਿਨਾਸ਼ਕਾਰੀ (**subversive**) ਅਰਥ-ਸੰਭਾਵਨਾਵਾਂ ਸਮੇਤ, ਧਿਆਨ ਖਿੱਚੇਗੀ। ਰਵਾਇਤੀ ਸੋਚ ਵਾਲਾ ਪਤਰਕਾਰ ਤੇ ਵਿਦਿਆਵਾਨ ਜਾਅਲੀ ਚੇਤਨਾ ਸਦਕਾ ਅਕਾਦਮਕ ਵਿਅਕਤੀ ਦੀ "ਬੌਧਿਕ ਕਾਮੇ" ਅਤੇ ਸਮਾਜ-ਵਿਗਿਆਨ ਦੀ "ਸਮਾਜੀ ਇੰਜੀਨੀਅਰਿੰਗ" (ਜੰਤਰ-ਸ਼ਾਸਤਰ) ਵਜੋਂ ਵਿਆਖਿਆ ਕਰਦਾ ਹੈ ਅਤੇ ਇੰਜ ਸਥਾਪਿਤ ਪ੍ਰਬੰਧ ਵਿਚ ਮਹਿਫ਼ੂਜ਼ ਤੇ ਸੰਤੁਸ਼ਟ ਰਹਿੰਦਾ ਹੈ।

ਵਧੇਰੇ ਵਿਵੇਕਵਾਨ ਅਕਾਦਮਕ ਵਿਅਕਤੀ ਜਾਣਦਾ ਹੈ ਕਿ "ਸਥਾਪਤੀ", ਹਾਕਮ ਜਮਾਤਾਂ ਜਾਂ ਤਾਕਤਾਂ ਅਕਾਦਮਕ ਆਜ਼ਾਦੀ ਲਈ ਹਕੀਕੀ ਤੇ ਭਰਪੂਰ ਨਿਰੰਤਰ ਖਤਰਾ ਹਨ। ਉਸ ਦੇ ਵਾਸਤੇ ਅਕਾਦਮਕ ਆਜ਼ਾਦੀ ਦਾ ਮਤਲਬ ਹੈ ਇਸ ਸਥਾਪਤੀ ਤੋਂ ਆਜ਼ਾਦੀ, (ਜਾਬਰ) ਤਾਕਤਾਂ ਤੋਂ ਦੂਰੀ ਬਣਾਈ ਰਖਣੀ। ਇਹ ਪੈਂਤੜਾ ਲਾਜ਼ਮੀ ਤੌਰ 'ਤੇ ਸਤਿ ਦੇ ਬਹੁਤ ਹੀ ਅਹਿਮ ਪੱਖ ਉਤੇ ਦੀਰਘ-ਦ੍ਰਿਸ਼ਟੀ ਪਾਉਂਦਾ ਹੈ। ਪਰ ਜਿਵੇਂ ਹੀਗਲ ਨੇ ਆਖਿਆ ਸੀ : "ਸਤਿ ਸਮੱਗਰ ਹੁੰਦਾ ਹੈ," (**Truth is whole**) ਅਤੇ ਇਹ ਪੈਂਤੜਾ ਲੈਂਦਿਆਂ ਅਕਸਰ ਇਹ ਗੱਲ ਅਖੋਂ ਓਹਲੇ ਕਰ ਦਿੱਤੀ ਜਾਂਦੀ ਹੈ, ਜੋ ਕਿ ਕਿਤੇ ਵਧੇਰੇ ਅਹਿਮ ਤੱਥ ਹੈ : ਜਦ ਕੋਈ ਵਿਅਕਤੀ ਅਕਾਦਮਕ ਆਜ਼ਾਦੀ ਦੀ ਈਮਾਨਦਾਰ ਵਰਤੋਂ **ਅੰਤਰਮੁਖੀ** ਹੋ ਕੇ ਕਰਦਾ ਹੈ, ਤਾਂ ਇਹਦੇ ਨਾਲ ਅੰਤ ਨੂੰ **ਬਾਹਰਮੁਖੀ** ਤੌਰ 'ਤੇ ਉਸੇ ਸਥਾਪਤੀ ਦੇ ਉਹਨਾਂ ਹੀ ਹਾਕਮ ਜਮਾਤਾਂ ਜਾਂ ਤਾਕਤਾਂ ਦੇ ਹਿੱਤ ਪੂਰੇ ਹੁੰਦੇ ਹਨ। ਕਿਸੇ ਵਿਅਕਤੀ ਦੀ ਆਜ਼ਾਦੀ ਦੀ ਅੰਤਰਮੁਖੀ ਸਮਝਦਾਰੀ ਉਤੇ ਪ੍ਰਤੱਖ ਜਾਂ ਸਿਧੇ ਬਾਹਰਲੇ ਦਬਾਵਾਂ ਦੇ ਨਾ ਹੋਣ ਦੇ ਬਾਵਜੂਦ, ਨਾਗਰਿਕ ਵਜੋਂ ਕਿਸੇ ਵਿਅਕਤੀ ਦੀ ਸੁਚੇਤ ਪਰਿਵਰਤਨਕਾਰੀ (ਰੈਡੀਕਲ) ਪੁਜ਼ੀਸ਼ਨ ਦੇ ਬਾਵਜੂਦ ਵੀ "ਆਜ਼ਾਦ" ਸਮਾਜ-ਵਿਗਿਆਨੀ ਵਜੋਂ ਕਿਸੇ ਵਿਦਿਆਵਾਨ ਦਾ ਅਮਲ (ਪੇਸ਼ਾਵਰ ਵਿਅਕਤੀ ਦਾ ਸਹੀ ਅਰਥਾਂ ਵਿਚ ਈਮਾਨਦਾਰ ਅਮਲ) ਉਸ ਨੂੰ ਅਚੇਤ ਹੀ ਲੋਰਨੇ ਬਾਰਿਟਜ਼ ਦੇ ਸ਼ਬਦਾਂ ਵਿਚ "ਸਥਾਪਤ ਤਾਕਤ ਦਾ ਸੇਵਾਦਾਰ" ਬਣਾ

ਸਕਦਾ ਹੈ। ਬਹੁਤ ਸਾਰੇ ਵਿਦਿਆਵਾਨ (ਜਿਨ੍ਹਾਂ ਵਿਚ ਕਈ ਖੱਬੇ-ਪੱਖੀ ਵਿਦਿਆਵਾਨ ਵੀ ਹਨ) ਸੋਚ ਹੀ ਨਹੀਂ ਸਕਦੇ ਕਿ ਸਾਡੇ ਸਮਾਜ ਵਿਚ ਹਾਕਮ ਜਮਾਤ ਦੀ ਸਰਦਾਰੀ ਕਿੰਨੀ ਬਾਰੀਕੀ ਨਾਲ ਲਾਗੂ ਕੀਤੀ ਜਾਂਦੀ ਹੈ। (ਮਿਸਾਲ ਵਜੋਂ, ਅਸੀਂ ਰਾਜਨੀਤੀ ਸ਼ਾਸਤਰ ਵਿਚ ਪਰਿਵਰਤਨਕਾਰੀ ਵਿਦਿਆਵਾਨਾ ਨੂੰ ਅਮਰੀਕੀ ਸਾਮਰਾਜਵਾਦ ਦਾ ਰਾਜਨੀਤਕ ਤੌਰ 'ਤੇ ਵਿਰੋਧ ਕਰਦਿਆਂ, ਪਰ ਨਾਲ ਹੀ ਅਮਲ ਵਿਚ ਵਿਦਿਅਕ ਤੌਰ 'ਤੇ ''ਰਾਜਨੀਤੀ ਦੇ ਅਮਰੀਕੀ ਵਿਗਿਆਨ'' ਉਤੇ ਚਲਦਿਆਂ ਦੇਖਿਆ ਹੈ।)

ਸਮੁੱਚੇ ਰੂਪ ਵਿਚ ਦੇਖਿਆਂ ਅਕਾਦਮਕ ਆਜ਼ਾਦੀ ਦੇ ਕਿਸੇ ਤਸੱਲੀਬਖ਼ਸ਼ ਜਾਂ ਸਾਰਥਕ ਹਲ ਵਾਸਤੇ ਇਹਦੇ ਦੋਹਵੇਂ ਪੱਖ—ਵਿਗਿਆਨਕ ਤੇ ਸਦਾਚਾਰਕ—ਜ਼ਰੂਰੀ ਲੈਣੇ ਪੈਣਗੇ। ਦੂਜੇ ਸ਼ਬਦਾਂ ਵਿਚ, ਵਿਦਿਆਵਾਨ ਨੂੰ ਅਕਾਦਮਕ ਆਜ਼ਾਦੀ ਸਦਕਾ ਲਾਜ਼ਮੀ ਤੌਰ 'ਤੇ ਸਤਿ ਤਾਈਂ ਆਪਣੀ ਪ੍ਰਤੀਬੱਧਤਾ ਤੇ ਲੋਕਾਂ ਤਾਈਂ ਪ੍ਰਤੀਬੱਧਤਾ ਨੂੰ ਨਿਭਾਉਣ ਦੇ ਯੋਗ ਹੋਣਾ ਚਾਹੀਦਾ ਹੈ। ਸਿਰਫ਼ ਇਸੇ ਕਰਕੇ ''ਵਿਗਿਆਨ ਦੇ ਮਨੁੱਖ'' (ਜੋ ਏਂਗਲਜ਼ ਦੇ ਸ਼ਬਦਾਂ ਵਿਚ ''ਸਭ ਤੋਂ ਪਹਿਲਾ ਇਨਕਲਾਬੀ ਮਨੁੱਖ'' ਹੈ) ਦੇ ਸਿਧਾਂਤਕ ਜਾਂ ਬੌਧਿਕ ਅਮਲ ਵਿਚ ਅਕਾਦਮਕ ਆਜ਼ਾਦੀ ਦੇ ਮਸਲੇ ਦੇ ਅਸਲ ਹਲ ਦਾ ਆਧਾਰ ਲਭਣਾ ਸੰਭਵ ਹੋ ਸਕਦਾ ਹੈ। ਕਾਰਲ ਮਾਰਕਸ ਨੇ ਸਮਾਜੀ-ਵਿਗਿਆਨਾਂ ਦਾ ਮਹਾਂਖੇਤਰ ਲਭਦਿਆਂ ਐਸਾ ਸੂਤਰ ਦੱਸਿਆ ਸੀ ਜਿਹਨੂੰ ਸਾਡੇ ਯੁੱਗ ਦੇ ਵਿਦਿਆਵਾਨਾਂ ਤੇ ਬੌਧਿਕਾਂ ਦਾ ਈਮਾਨ ਕਿਹਾ ਜਾ ਸਕਦਾ ਹੈ : ''ਜੋ ਵੀ ਬਿਣਸਦਾ ਹੈ, ਉਹਦੀ ਬੇਰਹਿਮ ਆਲੋਚਨਾ ਕਰਨਾ ਸਾਡਾ ਕਾਰਜ ਹੈ। ਬੇਰਹਿਮ ਇਸ ਗੱਲੋਂ ਕਿ ਇਹ ਆਲੋਚਨਾ ਨਾ ਤਾਂ ਆਪਣੇ ਹੀ ਨਿਰਣਿਆਂ ਤੋਂ ਅਤੇ ਨਾ ਹੀ ਤਾਕਤਾਂ ਨਾਲ ਟੱਕਰ ਲੈਣੋਂ ਪਿਛਾਂਹ ਹਟੇਗੀ।'' ਤਰਕ ਨਾਲ ਯਥਾਰਥ ਦੀ ਇਸ ਬੇਰਹਿਮ ਤੇ ਨਿਰੰਤਰ ਟੱਕਰ ਸਦਕਾ ਸਾਨੂੰ ਨਿਰੰਤਰ ਵਿਕਾਸਸ਼ੀਲ ਸਤਿ ਹਾਸਲ ਹੁੰਦਾ ਹੈ ਤੇ ਇਸ ਨਾਲ ਲੋਕਾਂ ਦੀ ਸੇਵਾ ਵੀ ਹੁੰਦੀ ਹੈ। ਕਿਉਂਕਿ ਸਾਡੇ ਸਮਾਜ ਵਿਚ ਜਾਂ ਆਖੋ ਕਿਸੇ ਵੀ ਜਮਾਤਾਂ ਵਿਚ ਵੰਡੇ ਹੋਏ ਨਿਆਂਹੀਣ ਸਮਾਜ ਵਿਚ ਲੋਕਾਂ ਨੂੰ ਇਸ ਸਤਿ ਦੀ ਲੋੜ ਹੁੰਦੀ ਹੈ, ਤਾਕਿ ਉਹ ਸਮਾਜ ਨੂੰ ਵਧੇਰੇ ਨਿਆਂਸ਼ੀਲ ਆਧਾਰ ਉਤੇ ਮੁੜ-ਉਸਾਰਨ ਦੇ ਯੋਗ ਹੋ ਸਕਣ। ਹਾਕਮ ਜਮਾਤਾਂ ਨੂੰ ਰਾਜਭਾਗ ਸਾਂਭਣ ਵੇਲੇ ਤਾਂ ਇਸ ਸਤਿ ਦੀ ਮਾੜੀ ਮੋਟੀ ਲੋੜ ਹੁੰਦੀ ਹੈ, ਪਰ ਉਹਨਾਂ ਨੂੰ ਆਮ ਤੌਰ 'ਤੇ ਇਹਦੀ ਕਦੇ ਵੀ ਜ਼ਰੂਰਤ ਨਹੀਂ ਹੁੰਦੀ। ਇਸ ਤੋਂ ਉਲਟ, ਖਾਸ ਕਰ ਆਪਣੇ ਸੰਕਟ ਤੇ ਪਤਨ ਦੌਰਾਨ ਉਹ ਇਸ ਸਤਿ ਤੋਂ ਖ਼ੌਫ਼ ਖਾਂਦੀਆਂ ਹਨ। ਯਥਾਰਥ ਦਾ ਤਰਕ ਨਾਲ ਸਾਹਮਣਾ ਕਰਨ ਦੀ ਥਾਂ ਉਹਨਾਂ ਦੀ ਵਧੇਰੇ ਦਿਲਚਸਪੀ ਇਹ ਹੁੰਦੀ ਹੈ ਕਿ ਇਸ ਯਥਾਰਥ ਨੂੰ ਰਹੱਸਾਤਮਕ, ਅਸਪੱਸ਼ਟ ਬਣਾਇਆ ਜਾਵੇ ਤੇ ਲੁਕੋਇਆ ਜਾਵੇ। ਉਹਨਾਂ ਦੀ ਸਿਰਫ਼ ਇਸ ਗੱਲ ਵਿਚ ਦਿਲਚਸਪੀ ਹੁੰਦੀ ਹੈ ਕਿ ਮਹਿਕੂਮ ਲੋਕਾਂ ਦੀ ਮਰਜ਼ੀ ਨੂੰ ਜੰਤਰਬੱਧ ਕੀਤਾ ਜਾਏ। ਇਹੋ ਜਿਹੀ ਪੂਰਨ ਹਾਲਤ ਵਿਚ ਅਸਲ ਅਕਾਦਮਕ ਆਜ਼ਾਦੀ ਉਹਨਾਂ ਨੂੰ ਵਿਨਾਸ਼ਕਾਰੀ ਨਾ ਸਹੀ, ਖ਼ਤਰਨਾਕ ਅੱਯਾਸ਼ੀ ਜ਼ਰੂਰ ਲਗ ਸਕਦੀ ਹੈ। ਇਸੇ ਕਰਕੇ ਸਮਾਜੀ ਜਾਂ ਮਾਨਵੀ-ਵਿਗਿਆਨਾਂ ਦੇ ਆਪਣੇ ਅਮਲ ਵਿਚ ਅਕਾਦਮਕ ਆਜ਼ਾਦੀ ਦੀ ਕਦਰ ਦੀ ਹਿਫ਼ਾਜ਼ਤ ਕਰਨ ਤੇ ਇਹਨੂੰ ਵਰਤਣ ਵਾਲੇ ਵਿਅਕਤੀਆਂ ਨੂੰ ਜ਼ਰੂਰੀ ਮੁਹਾਰਤ ਤੇ ਸਮਝ ਪੈਦਾ ਕਰਨ ਦੀ ਹੀ ਲੋੜ ਨਹੀਂ, ਸਗੋਂ ਸਭ ਤੋਂ ਪਹਿਲਾਂ ਜਵਾਂਮਰਦੀ ਦੀ ਕਦਰ ਪੈਦਾ ਕਰਨ ਦੀ ਵੀ ਲੋੜ ਹੈ। ਜਿਵੇਂ ਕਾਂਤ ਨੇ ਕੋਈ ਦੋ ਸੌ ਸਾਲ ਪਹਿਲਾਂ ਬੜੀ ਪਤੇ ਦੀ ਗੱਲ ਆਖੀ ਸੀ ਕਿ ਬੰਦੇ ਨੂੰ ''ਗਿਆਨ ਹਾਸਲ ਕਰਨ ਲਈ ਦਲੇਰੀ ਦਿਖਾਉਣੀ ਚਾਹੀਦੀ ਹੈ।''

—ਅੰਗਰੇਜ਼ੀ ਤੋਂ ਉਲਥਾ : ਅਮਰਜੀਤ ਚੰਦਨ



ਭਗਵਾਨ ਸਿੰਘ ਜੋਸ਼

## ਸਮਕਾਲੀ ਪੰਜਾਬੀ ਸਮਾਜ ਵਿਚ ਵਿਚਾਰਧਾਰਕ ਰੁਝਾਨ

**ਸੇਧ** ਦੇ ਨਵੰਬਰ 1979 ਅਕ ਵਿਚ ਪ੍ਰੋ: ਕਿਸ਼ਨ ਸਿੰਘ ਦਾ ਜੱਟਵਾਦ ਬਾਰੇ ਇਕ ਬਹੁਤ ਹੀ ਮਹੱਤਵਪੂਰਨ ਲੇਖ ਛਪਿਆ ਸੀ। ਇਸ ਤੋਂ ਪਿਛੋਂ ਕੁਝ ਕੁ ਹੋਰ ਸੱਜਣਾਂ ਦੇ ਇਲਾਵਾ ਹਰਭਜਨ ਹਲਵਾਰਵੀ ਦੀਆਂ ਵੀ ਦੋ ਟਿਪਣੀਆਂ ਦਸੰਬਰ (1979) ਅਤੇ ਮਾਰਚ (1980) ਦੇ ਅੰਕਾਂ ਵਿਚ ਛਪੀਆਂ ਸਨ। ਪ੍ਰੋ: ਸਾਹਿਬ ਦੇ ਜਵਾਬ ਅਤੇ ਇਹਨਾਂ ਟਿੱਪਣੀਆਂ ਨਾਲ ਬਹਿਸ ਸਹੀ ਸਵਾਲਾਂ ਉਪਰ ਫੋਕਸ ਹੋਣ ਦੀ ਬਜਾਏ ਹੋਰ ਹੀ ਰਾਹੇ ਪੈ ਤੁਰੀ ਹੈ। ਮੇਰੀ ਇਸ ਟਿਪਣੀ ਦਾ ਉਦੇਸ਼ ਪ੍ਰੋ: ਸਾਹਿਬ ਦੇ ਸਮੁੱਚੇ ਮਾਰਕਸਵਾਦ ਦਾ ਕਰੀਟੀਕ ਪੇਸ਼ ਕਰਨਾ ਤੇ ਆਪਣੇ ਵਲੋਂ ਉਹਨਾਂ ਦੀਆਂ ਵੱਖ ਵੱਖ ਪੱਧਰ ਦੀਆਂ ਧਾਰਨਾਵਾਂ ਦੇ ਬਰਾਬਰ ਆਲੋਚਨਾਤਮਕ ਢੰਗ ਨਾਲ ਮੁਕਾਬਤਨ ਵਧੇਰੇ ਮੁਨਾਸਬ ਧਾਰਨਾਵਾਂ ਸਥਾਪਤ ਕਰਨਾ ਨਹੀਂ ਹੈ। ਸਿਲਸਿਲੇਬੱਧ ਅਧਿਐਨ ਦੀ ਘਾਟ, ਸੀਮਤ ਯੋਗਤਾ ਤੇ ਵਕਤ ਦੀਆਂ ਸੀਮਾਵਾਂ ਕਾਰਨ ਅਜੇ ਮੈਂ ਅਜਿਹਾ ਕਰਨ ਤੋਂ ਗੁਰੇਜ਼ ਕਰਾਂਗਾ। ਇਸ ਟਿਪਣੀ ਦਾ ਸੌੜਾ ਉਦੇਸ਼ ਹੈ ਤੇ ਉਹ ਉਦੇਸ਼ ਹੈ—ਬਹਿਸ ਦਾ ਰੁੱਖ ਸਹੀ ਕਿਸਮ ਦੇ ਸਵਾਲਾਂ ਦੀ ਤਰਫ਼ ਮੋੜਨਾ।

ਇਹਨਾਂ ਟਿੱਪਣੀਆਂ ਨੂੰ ਪੜ੍ਹਦੇ ਸਮੇਂ ਮੈਂ ਪਲ ਦੀ ਪਲ ਹਲਵਾਰਵੀ ਦੀ ਸਮਝ ਅਨੁਸਾਰ ਪ੍ਰੋ: ਸਾਹਿਬ ਦੀਆਂ ਲਿਖਤਾਂ ਵਿਚ ਸ਼ੈਲੀ ਸੰਬੰਧੀ ਪਾਏ ਜਾਣ ਵਾਲੇ ਸਾਰੇ ਨੁਕਸ (ਜਿਵੇਂ ''ਪ੍ਰੋ: ਸਾਹਿਬ ਥੋੜ੍ਹੇ ਸ਼ਬਦਾਂ ਵਿਚ ਆਪਣੀ ਗੱਲ ਦੱਸਣ ਦੇ ਆਦੀ ਨਹੀਂ'', ''ਉਹਨਾਂ ਦੀ ਦਲੀਲ ਲੋੜੋਂ ਵੱਧ ਖਿੱਚੀ ਹੁੰਦੀ ਹੈ'', ''ਬੇਲੋੜਾ ਫੈਲਾਅ ਜਾਂ ਉਲਝਾ ਹੁੰਦਾ ਹੈ'',) ਏਸ ਆਸ ਨਾਲ ਬਿਨਾਂ ਨੱਕ ਝੱਕ ਸਵੀਕਾਰ ਕਰ ਲਏ ਕਿ ਇਹਨਾਂ 'ਨੁਕਸਾਂ' ਦੀ ਗਰਦ ਝਾੜ ਕੇ ਹਲਵਾਰਵੀ ਪ੍ਰੋ: ਸਾਹਿਬ ਦੇ ਵਿਚਾਰਾਂ ਦੀ ਗਿਰੀ ਨਾਲ ਦਸਤ-ਪੰਜਾ ਲਏਗਾ। ਕਿਉਂਕਿ ਉਹ ਪ੍ਰੋ: ਸਾਹਿਬ ਦੇ ਮਾਰਕਸਵਾਦ ਨਾਲ ਸਹਿਮਤ ਨਹੀਂ ਇਸ ਲਈ ਉਹ ਉਹਨਾਂ ਦੇ ਮਾਰਕਸਵਾਦੀ ਸੰਕਲਪਾਂ ਦੀ ਵਰਤੋਂ ਦੇ ਦਾਇਰੇ ਉਲੀਕੇਗਾ, ਉਹਨਾਂ ਸੰਕਲਪਾਂ ਦੇ ਮੇਲ ਤੋਂ ਉਸਰੇ ਮਾਰਕਸਵਾਦੀ ਪ੍ਰਬੰਧ ਦੇ ਮੂੰਹ-ਮੁਹਾਂਦਰੇ ਦੀ ਛਾਣ-ਬੀਨ ਕਰੇਗਾ ਤੇ ਉਹਨਾਂ ਵਿਚਲੀਆਂ 'ਖਾਮੀਆਂ' (ਜਾਂ ਨੁਕਸਾਂ) ਉਪਰ ਉਂਗਲ ਰਖਦੇ ਹੋਏ ਸਾਨੂੰ ਇਹ ਸਮਝਾਉਣ ਦਾ ਯਤਨ ਕਰੇਗਾ ਕਿ ਪ੍ਰੋ: ਸਾਹਿਬ ਦੇ ਮਾਰਕਸਵਾਦ ਵਿਚਲੀਆਂ ਇਹ 'ਖ਼ਾਮੀਆਂ' (ਨੁਕਸ) ਉਹਨਾਂ ਦੀ ਮਾਰਕਸਵਾਦੀ ਵਿਧੀ ਵਿਚ ਦਾਖ਼ਲ ਹੋ ਕੇ ਸਮਕਾਲੀ ਯਥਾਰਥ ਬਾਰੇ (ਜਿਸ ਦਾ ਇਕ ਅੰਗ ਜਾਤ-ਪਾਤ ਹੈ) ਉਹਨਾਂ ਦੀ ਸਮਝ ਨੂੰ ਜੇਕਰ 'ਗੰਧਲਾ' ਨਹੀਂ, ਤਾਂ ਘਟੋ ਘੱਟ 'ਇਕ-ਪਾਸੜ' ਰੂਪ ਵਿਚ ਜਾਂ ਠੀਕ ਪਰ ਵਧੇਰੇ 'ਸਾਧਾਰਨ ਪੱਧਰ' ਤੇ ਪੇਸ਼ ਕਰਨ ਵਿਚ

ਆਪਣੇ ਆਪ ਨੂੰ ਕਿਵੇਂ ਪ੍ਰਗਟਾਉਂਦੀਆਂ ਹਨ। ਜਾਂ ਉਸ ਦੀ ਸਮਝ ਅਨੁਸਾਰ ਇਹਨਾਂ ਮਿਸਾਲਾਂ ਦੇ ਤੌਰ 'ਤੇ ਸੁਝਾਏ ਗਏ ਨੁਕਸਾਂ ਤੋਂ ਇਲਾਵਾ ਕੋਈ ਹੋਰ ਨੁਕਸ ਵੀ ਹਨ। ਇੰਜ ਕਰਦੇ ਵਕਤ ਕੁਦਰਤੀ ਤੌਰ 'ਤੇ ਉਸ ਨੂੰ ਮਾਰਕਸਵਾਦੀ ਸੰਕਲਪਾਂ ਤੇ ਉਹਨਾਂ ਦੀ ਜਨਰਲ ਸਮਝ ਤੋਂ ਚਲ ਕੇ ਮਿਥੀਆਂ ਆਪਣੀਆਂ ਧਾਰਨਾਵਾਂ ਨੂੰ ਪਾਠਕਾਂ ਅੱਗੇ ਵਿਚਾਰਗੋਚਰ ਕਰਨਾ ਪੈਣਾ ਸੀ ਤਾਕਿ ਇਹਨਾਂ ਦੇ ਚਾਨਣ ਵਿਚ ਇਹ ਵੇਖਿਆ ਜਾ ਸਕੇ ਕਿ ਹਲਵਾਰਵੀ ਵਲੋਂ ਪ੍ਰੋ: ਸਾਹਿਬ ਦੀ ਸਮਝ ਵਿਚ ਫੜੀਆਂ 'ਖ਼ਾਮੀਆਂ' ਅਵੱਸ਼ ਹੀ ਖ਼ਾਮੀਆਂ ਹਨ। ਤੇ ਨਾਲ ਹੀ ਹਲਵਾਰਵੀ ਇਹ ਵੀ ਦਿਖਾਉਂਦਾ ਕਿ ਕਿਵੇਂ ਉਸ ਦੀ ਮਾਰਕਸਵਾਦੀ ਸਮਝ ਸਮਕਾਲੀ ਯਥਾਰਥ ਦੇ ਕਿਸੇ ਖ਼ਾਸ ਪੱਖ (ਮਿਸਾਲ ਦੇ ਤੌਰ 'ਤੇ ਜਾਤ ਪਾਤ) ਬਾਰੇ ਪ੍ਰੋ: ਸਾਹਿਬ ਦੇ ਮੁਕਾਬਲੇ ਵਧੇਰੇ ਸਪੱਸ਼ਟਤਾ (ਮੈਂ ਮੁਕੰਮਲ ਹੱਲ ਦੀ ਗੱਲ ਨਹੀਂ ਕਰ ਰਿਹਾ) ਵਾਲੀ ਹੈ। ਇੰਜ ਉਸ ਦੀ ਸਮਝ ਦੀਆਂ ਧਾਰਨਾਵਾਂ ਨੂੰ ਅੱਗੇ ਵਿਕਸਤ ਕਰਨ ਦੀ ਲੋੜ ਸੀ, ਨਾ ਕੇ ਪ੍ਰੋ: ਸਾਹਿਬ ਦੀਆਂ ਧਾਰਨਾਵਾਂ ਨੂੰ। (ਆਪਣੀ ਲੇਖ-ਲੜੀ 'ਗਾਂਧੀ, ਮਾਰਕਸਵਾਦ ਅਤੇ ਕੌਮੀ ਆਜ਼ਾਦੀ ਦੀ ਲਹਿਰ' ਵਿਚ ਮੈਂ ਇਹ ਵਿਧੀ ਅਪਣਾਉਣ ਦਾ ਯਤਨ ਕੀਤਾ ਹੈ)।

ਠੀਕ ਤੇ ਠੋਸ ਆਲੋਚਨਾਤਮਕ ਨੁਕਤਾ ਉਠਾਉਂਦਿਆਂ ਹਲਵਾਰਵੀ ਲਿਖਦਾ ਹੈ : "ਉਹਨਾਂ (ਪ੍ਰੋ: ਸਾਹਿਬ) ਨੇ ਜਾਤ ਪਾਤ ਦੇ ਮਸਲੇ ਨੂੰ ਸਮੁੱਚੇ ਭਾਰਤੀ ਪ੍ਰਸੰਗ ਦੀ ਥਾਂ ਕੇਵਲ ਸਿੱਖੀ ਦੇ ਸੰਦਰਭ ਵਿਚ ਹੀ ਉਠਾਇਆ ਹੈ ਜਿਵੇਂ ਸਿੱਖ ਭਾਰਤੀ ਸਮਾਜ ਦਾ ਇਕ ਅੰਗ ਨਾ ਹੋਣ। ਜਾਤ ਪਾਤ ਦਾ ਵਿਤਕਰਾ ਤਾਂ ਅਜੇ ਕੁਝ ਹੱਦ ਤਕ ਕਮਿਊਨਿਸਟ ਸਫ਼ਾਂ ਵਿਚ ਵੀ ਹੈ, ਜਿਸ ਦਾ ਉਹਨਾਂ ਜ਼ਿਕਰ ਨਹੀਂ ਕੀਤਾ।" ਹਲਵਾਰਵੀ ਦੇ ਇਹ ਸ਼ਬਦ ਪਾਠਕ ਨੂੰ ਇਹ ਆਸ ਬੰਨ੍ਹਾਉਂਦੇ ਹਨ ਕਿ ਆਖ਼ਰ ਪੰਜਾਬੀ ਬੁੱਧੀਜੀਵੀ ਵਰਗ ਵਿਚ ਕੇਵਲ ਪੁਰਾਣੀ ਪੀੜ੍ਹੀ ਦੇ ਲੇਖਕ ਹੀ ਨਹੀਂ ਹਨ, ਸਗੋਂ ਹੋਰ ਵੀ ਸੁਲਝੇ ਹੋਏ ਵਿਦਵਾਨ ਮੌਜੂਦ ਹਨ ਜੋ ਕਿਸ਼ਨ ਸਿੰਘ ਵਾਂਗ ਜਾਤ ਪਾਤ ਦੇ ਮਸਲੇ ਨੂੰ 'ਸਿੱਖੀ ਦੇ ਸੌੜੇ ਪ੍ਰਸੰਗ' ਵਿਚ ਨਹੀਂ ਵੇਖਦੇ ਸਗੋਂ ਸਮੁੱਚੇ ਭਾਰਤ ਦੇ ਸੰਦਰਭ ਵਿਚ ਸਮਝਣ ਦਾ ਯਤਨ ਕਰਦੇ ਹਨ ਤੇ ਅਜਿਹਾ ਕਰ ਸਕਣ ਦੀ ਬੌਧਿਕ ਸਮਰੱਥਾ ਰਖਦੇ ਹਨ। ਉਹਨਾਂ ਵਿਚ ਯਥਾਰਥ ਦਾ ਸਾਹਮਣਾ ਕਰਨ ਦਾ ਹੌਂਸਲਾ ਹੈ ਤੇ ਇਥੋਂ ਤਕ ਕਿ ਉਹ ਅਜਿਹੇ ਕੈਰੀ ਅੱਖ ਵਾਲੇ ਸਵਾਲਾਂ ਤੋਂ ਵੀ ਕੰਨੀ ਨਹੀਂ ਕਤਰਾਉਂਦੇ ਜਿਵੇਂ ਕਮਿਊਨਿਸਟ ਸਫ਼ਾਂ ਅੰਦਰ ਜਾਤ ਪਾਤ ਦਾ ਸਵਾਲ। ਅੱਗੇ ਫੇਰ ਆਪ ਨਵੀਂ 'ਕੰਧ' ਖੜੀ ਕਰਨ ਦੀ ਆਸ ਬੰਨ੍ਹਾਉਂਦਿਆਂ, ਅੰਤ ਵਿਚ ਉਹ ਕਿਸ਼ਨ ਸਿੰਘ ਦੇ ਮਾਰਕਸਵਾਦ ਦੀ 'ਢਹਿ ਰਹੀ ਕੰਧੀ' ਨੂੰ ਆਖ਼ਰੀ ਧੱਕਾ ਮਾਰਦੇ ਹਨ : "ਕਿਸ਼ਨ ਸਿੰਘ ਹੋਰੀਂ ਮਾਰਕਸਵਾਦ ਦੀ ਵਿਆਖਿਆ ਕਰਨ ਸਮੇਂ ਮਾਰਕਸ ਤੋਂ ਵੀ ਅੱਗੇ ਨਿਕਲ ਗਏ ਜਾਪਦੇ ਹਨ। ਇਸ ਸੰਬੰਧੀ ਮੈਨੂੰ ਲੈਨਿਨ ਦੀ ਇਹ ਟੂਕ ਯਾਦ ਆ ਰਹੀ ਹੈ : ਕੁਝ ਬੰਦੇ ਮਾਰਕਸਵਾਦ 'ਤੇ ਖੜ੍ਹਦੇ ਨਹੀਂ ਸਗੋਂ ਇਸ 'ਤੇ ਲੰਮੇ ਪੈ ਜਾਂਦੇ ਹਨ।" ਇਹ ਲੈਨਿਨ ਦੇ ਮੁਕਾਬਲੇ ਦੀਆਂ ਲਾਈਨਾਂ ਪੜ੍ਹ ਕੇ ਤਾਂ ਪਾਠਕ ਦਾ ਅਚੰਭਾ ਹੋਰ ਵੀ ਵੱਧ ਜਾਂਦਾ ਹੈ, ਉਸ ਦੀ ਜਗਿਆਸਾ ਜਗਮਗਾ ਉਠਦੀ ਹੈ। ਉਹ ਨੌਜਵਾਨ ਪਾਠਕ ਮਾਣ ਨਾਲ ਆਪਣੇ ਮਨ ਵਿਚ ਕਹਿੰਦਾ ਹੈ ਕਿ ਆਖ਼ਰ ਮੇਰੀ ਪੀੜ੍ਹੀ ਵਿਚ ਕੋਈ ਤਾਂ ਬੁਧੀਜੀਵੀ ਐਸਾ ਪੈਦਾ ਹੋਇਆ ਹੈ ਜਿਸ ਨੇ ਪਹਿਲੀ ਪੀੜ੍ਹੀ ਦੇ ਚਿੰਤਕਾਂ ਨੂੰ ਇਤਿਹਾਸ ਵਿਚ ਅਸਲੀ ਥਾਂ ਫਿੱਟ ਕਰ ਕੇ ਉਹਨਾਂ ਦਾ ਲੇਖਾ ਜੋਖਾ ਕਰ ਦਿੱਤਾ ਹੈ। ਮੇਰੀ ਪੀੜ੍ਹੀ ਦਾ ਕੋਈ ਬੁਧੀਜੀਵੀ ਤਾਂ ਐਸਾ ਨਿਕਲਿਆ ਹੈ ਜਿਸ ਨੇ ਇਹ ਦਿਖਾਉਣ ਦਾ ਜਤਨ ਕੀਤਾ ਹੈ ਕਿ ਅਸੀਂ ਮਾਰਕਸਵਾਸ ਦੇ ਠੋਸ ਆਧਾਰ 'ਤੇ ਕਿਵੇਂ ਸਿੱਧੇ ਸ਼ਤੀਰ ਖੜ੍ਹਦੇ ਹਾਂ, ਪ੍ਰੋ: ਕਿਸ਼ਨ ਸਿੰਘ ਤੇ ਉਸ ਦੀ ਪੀੜ੍ਹੀ ਵਾਂਗ ਲੰਮੇ ਨਹੀਂ ਪੈਂਦੇ ! ਪਰ 'ਪੋਸਟ ਸਕ੍ਰਿਪਟ ਬਨਾਮ ਪੋਸਟ ਸਕ੍ਰਿਪਟ' ਪੜ੍ਹਨ ਤੋਂ ਬਾਅਦ ਇਹੀ ਪਾਠਕ



ਨਿਰਾਸਤਾ ਨਾਲ ਅਫ਼ਸੋਸਿਆ ਮੂੰਹ ਲਈ ਚਾਰੋਂ ਤਰਫ਼ ਭਮੱਤਰਿਆਂ ਵਾਂਗ ਵੇਖਣ ਲਗਦਾ ਹੈ। ਕਾਰਨ ? ਟਿੱਪਣੀ ਖ਼ਤਮ ਹੋ ਗਈ। ਪਰ ਟਿੱਪਣੀਕਾਰ ਆਪ ਕਿਤੇ ਖੜ੍ਹਾ ਤਾਂ ਕੀ, ਪੱਬਾਂ ਭਾਰ ਬੈਠਾ ਵੀ ਦਿਖਾਈ ਨਹੀਂ ਦੇਂਦਾ !!

ਹਰਭਜਨ ਹਲਵਾਰਵੀ ਦੀ ਦੂਸਰੀ ਟਿੱਪਣੀ ਪੜ੍ਹ ਕੇ ਮੈਨੂੰ ਆਪਣੀ ਮੂਰਖਤਾ 'ਤੇ ਬਹੁਤ ਗੁੱਸਾ ਆਇਆ। ਆਖ਼ਰ ਮੈਨੂੰ ਕੀ ਲੋੜ ਪਈ ਸੀ ਕਿ ਮੈਂ ਪੰਜਾਬ ਵਿਚ ਕਮਿਊਨਿਸਟ ਲਹਿਰ ਉਪਰ 18 ਲੰਮੇ ਲੇਖ ਲਿਖੇ ? ਮੈਨੂੰ ਆਜ਼ਾਦੀ ਦੀ ਲਹਿਰ ਸੰਬੰਧੀ ਪਹਿਲਾਂ ਪੇਸ਼ ਕੀਤੇ ਸਾਰੇ ਕਮਿਊਨਿਸਟ ਵਿਚਾਰਾਂ ਦੀ ਪੁਣ-ਛਾਣ ਕਰਨ ਦੀ ਕੀ ਲੋੜ ਪਈ ਸੀ ? ਤੇ ਮੈਂ ਕਿਉਂ ਬੱਚਿਆਂ ਵਾਂਗ ਪਾਠਕਾਂ ਅੱਗੇ ਆਪਣੀਆਂ ਵਿਆਖਿਆਵਾਂ ਪੇਸ਼ ਕਰਨ ਲਈ ਭੱਜ ਤੁਰਿਆ ? ਕਿਉਂ ਨਾ ਮੈਂ ਲੈਨਿਨ ਵਿਚੋਂ ਕਰਾਰੀਆਂ ਟੂਕਾਂ ਲਭ ਕੇ ਦੂਸਰਿਆਂ ਦੇ ਗਿੱਟੇ ਛਾਂਗੇ ?? ਆਖ਼ਰ ਲੈਨਿਨ ਵਿਚ ਕਿੰਨੀਆਂ ਹੀ ਅਜਿਹੀਆਂ ਕਰਾਰੀਆਂ ਟੂਕਾਂ ਹਨ ਜਿਨ੍ਹਾਂ ਦਾ ਮੈਂ ਸਹੀ ਪ੍ਰਸੰਗ ਵਿਚ ਮਾਰਕਸਵਾਦੀ ਦ੍ਰਿਸ਼ਟੀਕੋਣ ਤੋਂ ਇਸਤੇਮਾਲ ਕਰ ਸਕਦਾ ਸੀ। ਸ਼ਾਇਦ ਮੈਂ 'ਸਿਆਸੀ ਮਾਰਕਸਵਾਦ' ਤੋਂ ਅਣਭੋਲ ਸਾਂ; ਸ਼ਾਇਦ ਮੈਂ 'ਅਕਾਦਮਿਕ ਮਾਰਕਸਵਾਦ' ਦਾ ਸ਼ਿਕਾਰ ਸਾਂ।

ਹਰਭਜਨ ਹਲਵਾਰਵੀ ਦੀਆਂ ਦੋਵੇਂ ਟਿਪਣੀਆਂ ਤਿੰਨ ਚਾਰ ਵਾਰ ਪੜ੍ਹਨ ਤੋਂ ਪਿਛੋਂ ਇਕ ਹੋਰ ਵੀ ਨੁਕਤਾ ਉਘੜ ਕੇ ਸਾਹਮਣੇ ਆਇਆ (ਭਾਵੇਂ ਅਸਪੱਸ਼ਟ ਰੂਪ ਵਿਚ ਹੀ) ਇਹ ਨੁਕਤਾ ਹੈ ਕਿ ਹਲਵਾਰਵੀ ਦੀ ਸੂਝ ਅਨੁਸਾਰ ਪ੍ਰੋ: ਸਾਹਿਬ ਕੁਝ ਵੀ ਨਹੀਂ ਕਹਿ ਰਹੇ, ਉਹਨਾਂ ਦੀਆਂ ਗੱਲਾਂ ਊਲ-ਜਲੂਲ ਹਨ (ਹਾਲਾਂਕਿ ਹਲਵਾਰਵੀ ਨੇ ਇਸ ਅਸੱਭਿਆ ਸ਼ਬਦ ਦੀ ਵਰਤੋਂ ਨਹੀਂ ਕੀਤੀ) ਐਵੇਂ ਸ਼ੈਲੀਗਤ ਤੇ ਵਿਧੀਗਤ ਖਲਾਰਾ ਪਾਈ ਬੈਠੇ ਹਨ; ਪ੍ਰੋ: ਸਾਹਿਬ ਦੀਆਂ ਲਿਖਤਾਂ ਵਿਚੋਂ ਆਦਮੀ ਸਮਝੇ ਕੁਝ ਤਾਂ, ਜੇਕਰ ਉਹਨਾਂ ਵਿਚ ਕੁਝ ਹੋਵੇ, ਉਹ ਐਵੇਂ 'ਦਾਣਿਆਂ' ਵਿਚ 'ਤੂੜੀ' ਰਲਾਈ ਜਾਂਦੇ ਹਨ, ਆਦਿ। ਹਲਵਾਰਵੀ ਦੇ ਸ਼ਬਦਾਂ ਵਿਚ : "ਜਦੋਂ ਕੋਈ ਵਿਅਕਤੀ ਕਿਸੇ ਸਮੱਸਿਆ ਨੂੰ ਹੱਥ ਪਾਉਂਦਾ ਹੈ ਤਾਂ ਉਹ ਕਿਸੇ ਵਿਸ਼ੇਸ਼ ਦ੍ਰਿਸ਼ਟੀਕੋਨ ਤੋਂ ਉਸ ਸਮੱਸਿਆ ਦੇ ਪਿਛੋਕੜ, ਉਸ ਦੀ ਵਰਤਮਾਨ ਸਥਿਤੀ ਅਤ ਉਸ ਦੇ ਮਨੁੱਖ ਲਈ ਕਲਿਆਣਕਾਰੀ ਸੰਭਵ ਹੱਲ ਵਾਸਤੇ ਕੁਝ ਠੋਸ ਸੁਝਾਅ ਦਿੰਦਾ ਹੈ। ਜਿਸ ਹੱਦ ਤਕ ਉਹ ਇਉਂ ਕਰਨ ਵਿਚ ਸਫਲ ਹੁੰਦਾ ਹੈ, ਉਸ ਹੱਦ ਤਕ ਉਹ ਬੁਧੀਜੀਵੀ ਜਾਂ ਸਿਧਾਂਤਕਾਰ ਵਜੋਂ ਲੋਕਾਂ ਵਿਚ ਪਰਵਾਨਿਆ ਜਾਂਦਾ ਹੈ।" ਇਥੇ ਹਰਭਜਨ ਹਲਵਾਰਵੀ ਨੇ ਬੁੱਧੀਜੀਵੀ ਦੇ ਸਾਰਥਕ ਰੋਲ ਦੀ ਗੱਲ ਨੂੰ ਕੇਵਲ ਸਪੱਸ਼ਟਤਾ ਨਾਲ ਹੀ ਨਹੀਂ ਸਗੋਂ ਖ਼ੂਬਸੂਰਤ ਢੰਗ ਨਾਲ ਫਾਰਮੂਲੇਟ ਕੀਤਾ ਹੈ। ਉਹ ਲਿਖਦਾ ਹੈ "ਪਰ ਪ੍ਰੋ: ਕਿਸ਼ਨ ਸਿੰਘ ਉਪਰੋਕਤ ਨਾਲੋਂ ਕੁਝ ਵਖਰੀ ਭਾਂਤ ਦੇ ਸਿਧਾਂਤਕਾਰ ਹਨ। ਉਹ ਬਹੁਤ ਵਾਰ ਸਮੱਸਿਆ ਤੋਂ ਉਸ ਦੇ ਹੱਲ ਤਕ ਨਹੀਂ ਸਗੋਂ ਸਮੱਸਿਆ ਤੋਂ ਸਮੱਸਿਆ ਤਕ ਵਿਚਾਰ-ਯਾਤਰਾ ਕਰਦੇ ਹਨ। ਇਸ ਤੋਂ ਵੱਧ ਉਹ ਕਈ ਵੇਰ ਸਮੱਸਿਆ ਨੂੰ ਵਿਚਾਰਦੇ ਹੋਏ ਇਸ ਨੂੰ ਹੋਰ ਵੱਡੀ ਜਾਂ ਨਵੀਂ ਸਮੱਸਿਆ ਦਾ ਰੂਪ ਦੇ ਦਿੰਦੇ ਹਨ।" ਦੂਸਰੇ ਸ਼ਬਦਾਂ ਵਿਚ, ਹਲਵਾਰਵੀ ਅਨੁਸਾਰ, ਪ੍ਰੋ: ਸਾਹਿਬ ਆਪਣੇ ਵਿਚਾਰ-ਪ੍ਰਬੰਧ ਤੇ ਵੱਖ ਵੱਖ ਵਿਸ਼ਿਆਂ ਸੰਬੰਧੀ ਦਲੀਲਾਂ ਦੀ ਘੜਮਸ ਚੌਂਦੇ ਨਾਲ ਵਿਚਾਰਾਂ ਦਾ ਅਜੀਬ ਗਧੀਗੇੜ ਪੈਦਾ ਕਰਦੇ ਹਨ।

ਇਥੇ ਹਲਵਾਰਵੀ ਦੀ ਇਹ ਗੱਲ ਸੁਣ ਕੇ ਪਾਠਕ ਪੁੱਛ ਸਕਦਾ ਹੈ : ਜੇਕਰ ਅਜਿਹੀ ਗੱਲ ਹੈ ਤਾਂ ਇਹਨਾਂ ਟਿਪਣੀਆਂ ਵਿਚ ਹਲਵਾਰਵੀ ਕਿਸ **ਗੱਲ (ਧਾਰਨਾ)** ਦੇ **ਖ਼ਿਲਾਫ਼** ਤਰਕਸ਼ੀਲ ਦਲੀਲਾਂ ਦਾ ਜਾਲ ਵਿਛਾਉਂਦਾ ਹੈ ? ਸਾਡਾ ਜਵਾਬ ਹੈ : ਪ੍ਰੋ: ਸਾਹਿਬ ਦੇ ਲੇਖ ਵਿਚਲੀਆਂ ਧਾਰਨਾਵਾਂ ਦੇ ਖ਼ਿਲਾਫ਼

ਨਹੀਂ ਸਗੋਂ ਇਸ ਲੇਖ ਦੇ ਸਿਰਲੇਖ ਦੇ ਖ਼ਿਲਾਫ਼ (ਕਿਰਪਾ ਕਰਕੇ ਇਸ ਨੂੰ ਮਜ਼ਾਕ ਦੀ ਗੱਲ ਨਾ ਸਮਝਣਾ) ਇਹਨਾਂ ਦੋਵਾਂ ਟਿਪਣੀਆਂ ਵਿਚ ਹਲਵਾਰਵੀ ਪ੍ਰੋ: ਸਾਹਿਬ ਦੇ **ਸਿਰਫ਼ ਇਕ** 'ਗੈਰ-ਮਾਰਕਸਵਾਦੀ' ਥੀਸਸ ਦੇ ਖਿਲਾਫ਼ ਆਪਣਾ 'ਮਾਰਕਸਵਾਦੀ' ਥੀਸਸ ਪੇਸ਼ ਕਰਦਾ ਹੈ ਤਾਕਿ ਉਹ ਪ੍ਰੋ: ਸਾਹਿਬ ਨੂੰ ਠੋਸ ਢੰਗ ਨਾਲ ਸਮਝਾ ਸਕੇ ਕਿ ਜਿਸ ਬੁੱਧੀਜੀਵੀ ਨੂੰ ਐਨੀ ਸੌਖੀ ਜਿਹੀ ਗੱਲ ਦੀ ਵੀ ਸਮਝ ਨਹੀਂ, ਉਸ ਦੀਆਂ ਲਿਖਤਾਂ ਵਿਚ ਭਲਾ 'ਤੂੜੀ' ਤੋਂ ਬਿਨਾਂ ਕੀ ਹੋਵੇਗਾ ? ਅਸੀਂ ਇਸ ਦਿਲਚਸਪ ਥੀਸਸ ਵਲ ਜ਼ਰੂਰ ਮੁੜਾਂਗੇ ।

ਇੰਜ ਬਹਿਸ ਦੇ ਪ੍ਰੋ: ਸਾਹਿਬ ਦੇ ਮੂਲ ਲੇਖ ਵਿਚ ਉਠਾਏ ਮਹੱਤਵਪੂਰਨ ਨੁਕਤਿਆਂ ਉਪਰ ਫੋਕਸ ਨਾ ਹੋ ਕੇ, ਲੀਹੋਂ ਲਹਿ ਜਾਣ ਵਿਚ ਕੇਵਲ ਹਰਭਜਨ ਹਲਵਾਰਵੀ ਦੇ ਉਪਰ ਜ਼ਿਕਰ ਕੀਤੇ ਤੁਅੱਸਬਾਂ (Prejudices)—ਜਿਨ੍ਹਾਂ ਨੂੰ ਆਪਣੀ ਮਾਰਕਸਵਾਦੀ ਸਮਝ ਕਰਾਰ ਦੇਣ ਦਾ ਉਸ ਨੂੰ ਪੂਰਾ ਪੂਰਾ ਹੱਕ ਹੈ—ਦਾ ਹੀ ਹੱਥ ਨਹੀਂ, ਸਗੋਂ ਲੇਖ ਦੇ ਗ਼ਲਤ ਸਿਰਲੇਖ ਦਾ ਵੀ ਦੋਸ਼ ਹੈ । ਕਿਸੇ ਵੀ ਲੇਖ ਦਾ ਸਿਰਲੇਖ, ਲੇਖ ਪੜ੍ਹਣ ਸਮੇਂ ਪਾਠਕ ਦੇ ਮਨ ਉਤੇ ਪੈਣ ਵਾਲੇ ਪ੍ਰਭਾਵਾਂ ਨੂੰ ਸੇਧ ਦੇਣ ਵਿਚ ਮਦਦਗਾਰ ਸਾਬਤ ਹੁੰਦਾ ਹੈ । ਬਹੁਤੀ ਵੇਰ ਉਹ ਉਸ ਧੁਰੇ ਵਾਂਗ ਕੰਮ ਕਰਦਾ ਹੈ, ਜਿਸ ਦੇ ਗਿਰਦ ਲੇਖਕ ਨੇ ਆਪਣੀਆਂ ਦਲੀਲਾਂ ਦਾ ਚੱਕ ਘੁੰਮਾਉਣਾ ਹੁੰਦਾ ਹੈ । ਪ੍ਰੋ: ਸਾਹਿਬ ਦੇ ਲੇਖ ਦਾ ਸਿਰਲੇਖ 'ਜੱਟਵਾਦ ਨੂੰ ਸਿੱਖੀ ਦਾ ਮੂਲ ਕਿਉਂ ਬਣਾਇਆ ਜਾ ਰਿਹਾ ਹੈ ?' ਇਕਦਮ ਮੁੱਢ ਤੋਂ ਹੀ ਪਾਠਕ ਦੇ ਮਨ ਵਿਚ ਇਸ ਸਨਸਨੀਖੇਜ਼ ਸਵਾਲ ਦਾ ਜਵਾਬ ਜਾਣਨ ਦੀ ਲਾਲਸਾ ਪੈਦਾ ਕਰ ਦਿੰਦਾ ਹੈ : 'ਆਖ਼ਰ ਜੱਟਵਾਦ ਨੂੰ ਸਿੱਖੀ ਦਾ ਮੂਲ ਕੌਣ ਬਣਾ ਰਿਹਾ ਹੈ ?' ਕਿਹੜਾ ਹੈ ਉਹ ਮਾਂ ਦਾ ਲਾਲ ਜੋ ਅਜਿਹੀ ਗੁਸਤਾਖ਼ੀ ਕਰ ਰਿਹਾ ਹੈ ? ਇਹਨਾਂ ਸਵਾਲਾਂ ਦੀ ਪੂਛ ਫੜੀ ਪਾਠਕ ਸਾਰੇ ਲੇਖ ਵਿਚੋਂ ਗੁਜ਼ਰ ਜਾਂਦਾ ਹੈ ਤੇ ਆਪਣੇ ਸਵਾਲ ਦਾ ਸਪੱਸ਼ਟ ਉੱਤਰ ਨਾ ਮਿਲਣ ਕਾਰਨ ਕੁਦਰਤੀ ਤੌਰ 'ਤੇ ਇਸ ਧਾਰਨਾ ਉਪਰ ਪਹੁੰਚ ਜਾਂਦਾ ਹੈ : "ਮੈਨੂੰ ਤਾਂ ਇਹ ਸਮੱਸਿਆ ਕਿਸ਼ਨ ਸਿੰਘ ਹੋਰਾਂ ਦੀ ਆਪੇ ਘੜੀ ਜਾਪਦੀ ਹੈ ।" ਇੰਜ, ਲੇਖ ਵਿਚ ਉਠਾਏ ਗਏ ਸਭ ਮਹੱਤਵਪੂਰਨ ਮਸਲਿਆਂ ਦਾ ਘੱਟ ਭਰਿਆ ਗਿਆ । ਪਾਠਕ ਨੇ ਜਦ ਇਹ ਸਵਾਲ ਪੁੱਛ ਹੀ ਲਿਆ ਤਾਂ ਪ੍ਰੋ: ਸਾਹਿਬ ਉਸ ਦੀ ਤਸੱਲੀ ਕਰਾਉਣ ਲਈ ਨਵੇਂ ਜਵਾਬ ਵਲ ਖਿਸਕ ਜਾਂਦੇ ਹਨ । ਜਵਾਬ ਵਜੋਂ ਉਹ ਮੈਕਲੋਡ ਨੂੰ ਪੇਸ਼ ਕਰਦੇ ਹਨ । ਗ਼ੈਰ-ਯਕੀਨੀ ਵਿਚ ਪਾਠਕ ਅੱਗੇ ਹੋਰ ਜਾਇਜ਼ ਪਰ ਵਿਸ਼ੇ ਤੋਂ ਦੂਰ ਸਵਾਲਾਂ ਵਲ ਸਰਕ ਜਾਂਦਾ ਹੈ : "ਜੱਟ ਬੁਰਜੁਆਜ਼ੀ ਦੇ ਕਿੰਨੇ ਕੁ ਬੰਦਿਆਂ ਨੇ ਮੈਕਲੋਡ ਨੂੰ ਪੜ੍ਹਿਆ ਜਾਂ ਸੁਣਿਆ ਹੈ ?" ਇੰਜ ਪ੍ਰੋ: ਸਾਹਿਬ ਆਪਣੀਆਂ ਦਲੀਲਾਂ ਦੀ ਮਜ਼ਬੂਤ ਧਰਾਤਲ—**ਸਮਕਾਲੀ ਪੰਜਾਬੀ ਸਮਾਜ ਵਿਚ ਵਿਚਾਰਧਾਰਕ ਰੁਝਾਨਾਂ ਦੇ ਵਿਸ਼ਲੇਸ਼ਨ ਦੀਆਂ ਸਮੱਸਿਆਵਾਂ**—ਨੂੰ ਤਿਆਗ ਕੇ ਸਮਕਾਲੀ ਹਿਸਟੋਰਿਓਗ੍ਰਫ਼ੀ ਦੀਆਂ ਸਮੱਸਿਆਵਾਂ ਉਪਰ ਪਹੁੰਚ ਜਾਂਦੇ ਹਨ ।

ਪ੍ਰੋ: ਸਾਹਿਬ ਦੀਆਂ ਲਿਖਤਾਂ ਵਿਚੋਂ (ਸੇਧ, ਨਵੰਬਰ 1979, ਜਨਵਰੀ-ਫ਼ਰਵਰੀ 1980 ਤੇ ਮਾਰਚ 1980) ਉਹਨਾਂ ਦੀ ਦਲੀਲ ਦੇ ਇਕ ਪੱਖ ਨੂੰ ਅਸੀਂ ਇਥੇ ਸਾਰ ਰੂਪ ਵਿਚ ਪੇਸ਼ ਕਰਦੇ ਹਾਂ ਜਿਸ ਦੇ ਬਦਲ ਦਾ ਥੀਸਸ ਹਰਭਜਨ ਹਲਵਾਰਵੀ ਵਲੋਂ ਪੇਸ਼ ਕੀਤਾ ਗਿਆ ਹੈ ।

1. "ਪੰਜਾਬ ਵਿਚ ਪਿੰਡ ਦੇ ਸੀਨ 'ਤੇ ਸਰਮਾਇਆ ਲੱਗ ਗਿਆ ਹੈ ਤੇ ਪੈਦਾਵਾਰ ਦੇ ਰਿਸ਼ਤੇ ਬੁਰਜੁਆ ਹੋ ਗਏ ਹਨ ।"

2. "ਪਿੰਡ ਵਿਚ ਨਾ ਸਿਰਫ਼ ਜ਼ਮੀਨ ਹੀ ਜੱਟਾਂ ਦੀ ਮਾਲਕੀ ਹੈ, ਪਿੰਡ ਦੇ ਸੀਨ 'ਤੇ ਪੈਦਾਵਰ ਦੇ ਵਸੀਲੇ ਵੀ ਉਹਨਾਂ ਦੇ ਹੱਥ ਵਿਚ ਹਨ, ਬਲਕਿ ਪਿੰਡਾਂ ਵਿਚ ਹੈ ਵੀ ਜੱਟਾਂ ਦੀ ਬਹੁ-ਗਿਣਤੀ ।



ਕਾਮੇ ਕਮੀਨ ਜੇ ਸਭ ਆਪਸ ਵਿਚ ਰਲ ਵੀ ਜਾਣ ਤਾਂ ਵੀ ਉਹ ਜੱਟਾਂ ਜਿੰਨੇ ਨਹੀਂ ਬਣਦੇ । ਬੁਰਜੁਆ ਆਰਥਕਤਾ ਦਾ ਵੇਗ ਪਿੰਡ ਵਿਚ ਜੱਟਾਂ ਵਿਚ ਜਮਾਤੀ ਨਿਖੇੜ ਕਰ ਰਿਹਾ ਹੈ । ਹਰ ਪਿੰਡ ਵਿਚ ਉਂਗਲਾਂ 'ਤੇ ਗਿਣਨ ਜੋਗੇ ਜੱਟ ਟਰੈਕਟਰ ਆਦਿ ਦੀ ਵਾਹੀ ਨਾਲ ਬੁਰਜੁਆ ਬਣ ਰਹੇ ਹਨ । ਬਹੁਤੇ ਜੱਟਾਂ ਦੀ ਜ਼ਮੀਨ ਆਈ ਪੀੜ੍ਹੀ ਭੁਰਦੀ ਜਾਂਦੀ ਹੈ ਤੇ ਉਹ ਹੱਥਲ ਹੁੰਦੇ ਜਾਂਦੇ ਹਨ । ਜੇ ਨਿਰਾ ਆਰਥਕ ਹਿੱਤ ਹੀ ਪਰਵੇਸ਼ ਕਰੇ, ਜੇ ਹੱਥਲ ਹੋ ਰਹੇ ਜੱਟ ਜਮਾਤੀ ਤੌਰ 'ਤੇ ਚੇਤੰਨ ਹੋਣ ਤਾਂ ਪਿੰਡ ਵਿਚ ਜਮਾਤੀ ਪਾੜਾ ਪੈ ਜਾਣਾ ਚਾਹੀਦਾ ਹੈ—ਜੱਟ ਬੁਰਜੁਆਜ਼ੀ ਦੇ ਖ਼ਿਲਾਫ਼..."

3. "ਹੁਣ ਵਾਲਾ ਜਟਊਪੁਣਾ ਪੁਰਾਣਾ ਜਟਊਪੁਣਾ ਨਹੀਂ, ਫ਼ਿਊਡਲ ਵੇਲੇ ਵਾਲਾ ਨਹੀਂ । ਨਾਂਅ ਤਾਂ ਉਹ ਹੀ ਹੈ **ਪਰ ਅਸਲਾ ਇਸ ਦਾ ਨਾ ਫ਼ਿਊਡਲ ਹੈ ਤੇ ਨਾ ਹੀ ਉਸ ਤੋਂ ਪਹਿਲਾਂ ਵਾਲਾ ।** ਜੇ ਉਸ ਦਾ ਅਸਲਾ ਫ਼ਿਊਡਲ ਆਦਿ ਹੁੰਦਾ ਤਾਂ ਇਹ ਮੁਰਝਾ ਰਿਹਾ ਹੁੰਦਾ (ਜਿਵੇਂ ਕਿ ਹਲਵਾਰਵੀ ਦੀ ਧਾਰਨਾ ਹੈ), **ਪਰ ਇਸ ਦਾ ਅਸਲਾ ਹੈ ਬੁਰਜੁਆ । ਇਹ ਆਪਣੀ ਚੜ੍ਹਤ ਵਿਚ ਹੈ ।**"

4. "ਜਿੰਨਾ ਚਿਰ ਜੱਟਾਂ ਵਿਚ ਜਮਾਤੀ ਨਿਖੇੜ ਨਹੀਂ ਹੁੰਦਾ ਤੇ ਗ਼ਰੀਬ ਜੱਟ ਆਪਣੇ ਜਮਾਤੀ ਪੈਂਤੜੇ 'ਤੇ, ਸਨਅੱਤੀ ਮਜ਼ਦੂਰ ਦੇ ਪੈਂਤੜੇ 'ਤੇ ਜਮਾਤੀ ਤੌਰ 'ਤੇ ਚੇਤੰਨ ਹੋ ਕੇ ਨਹੀਂ ਆਉਂਦਾ, ਪਿੰਡ ਦੇ ਸੀਨ 'ਤੇ ਜਮਾਤੀ ਜਦੋ-ਜਹਿਦ ਬਹੁਤ ਤਾਕਤ ਨਹੀਂ ਪਕੜ ਸਕਦੀ ਤੇ ਪਿੰਡ ਦੇ ਸੀਨ 'ਤੇ ਆਜ਼ਾਦੀ ਦਾ ਰਾਹ ਬਹੁਤਾ ਖੁਲ੍ਹ ਨਹੀਂ ਸਕਦਾ ।"

5. "ਬੁਰਜੁਆ ਆਰਥਕ ਵੇਗ ਆਪਣੇ ਆਪ ਆਰਥਕਤਾਵਾਦ ਦੀ ਪੱਧਰ ਤੇ ਤਾਂ ਜਮਾਤੀ ਨਿਖੇੜ ਕਰ ਰਿਹਾ ਹੈ । ਉਸ ਦੇ ਮੁਤਾਵਾਜ਼ੀ, ਉਸ ਦੇ ਹਾਣੀ ਜੇ ਜਮਾਤੀ ਨਿਖੇੜ ਨਹੀਂ ਹੋ ਰਿਹਾ ਤਾਂ ਉਸਾਰ ਦੀ ਪੱਧਰ 'ਤੇ, ਕਲਚਰ ਦੀ ਪੱਧਰ 'ਤੇ, ਮਨੁੱਖੀ ਬਰਤਾਓ ਦੀ ਪੱਧਰ 'ਤੇ ਨਹੀਂ ਹੋ ਰਿਹਾ । ਪਿੰਡ ਦੇ ਸੀਨ 'ਤੇ ਆਰਥਕ ਪੱਧਰ 'ਤੇ ਜਮਾਤੀ ਨਿਖੇੜ ਹੋਣ ਦੇ ਬਾਵਜੂਦ ਜੇ ਉਸਾਰ ਦੀ ਪੱਧਰ 'ਤੇ, ਸਿਆਸੀ ਬਰਤਾਓ ਦੀ ਪੱਧਰ 'ਤੇ ਇਹ ਜਮਾਤੀ ਨਿਖੇੜ ਨਹੀਂ ਹੋ ਰਿਹਾ ਤਾਂ ਇਹ ਜਟਊਪੁਣੇ ਦੀ ਤਾਕਤ ਹੈ, ਜੱਟਵਾਦ ਦੀ ਕਲਚਰ ਦੀ ਕਰਾਮਾਤ ਹੈ ।"

6. ਨਤੀਜਾ : "ਜੇ ਤਾਂ ਕਿਸਾਨੀ ਤਬਕੇ ਵਿਚ ਪਾੜਾ ਪੈਂਦਾ ਜਮਾਤੀ ਆਧਾਰ 'ਤੇ, ਫੇਰ ਤਾਂ ਠੀਕ ਸੀ । ਇਕ ਪਾਸੇ ਸਰਮਾਏਦਾਰ ਜੱਟ ਹੁੰਦੇ ਤੇ ਦੂਸਰੇ ਪਾਸੇ ਉਹਨਾਂ ਦੇ ਵਿਰੋਧੀ ਗ਼ਰੀਬ ਜੱਟ, ਆਦਿ ਤੇ ਇਹ ਗ਼ਰੀਬ ਜੱਟ ਮੂੰਹ ਕਰਦੇ ਕੰਮੀਆਂ ਵਲ ਨੂੰ...ਤਾਂ ਆਪਣੇ ਜਮਾਤੀ ਹਿੱਤ ਦੇ ਆਧਾਰ 'ਤੇ ਗ਼ਰੀਬ ਜੱਟ ਜਥੇਬੰਦ ਹੁੰਦਾ ਅਤੇ ਸਰਮਾਏ ਦੇ ਵਿਰੋਧੀ ਪੈਂਤੜਾ ਮਲਦਾ । ਉਹ ਰਾਹ ਜਾਂਦਾ ਅਖ਼ੀਰ ਉਸ ਦੀ ਆਜ਼ਾਦੀ ਵਲ ਨੂੰ, ਪਰੋਲਤਾਰੀ ਦੇ ਪੈਂਤੜੇ ਵਲ ਨੂੰ । ਪਰ ਜੇ ਗ਼ਰੀਬ ਜੱਟ ਆਦਿ ਜਾਤ-ਪਾਤ ਦੀ ਕਲਚਰ ਦੀ ਵਲ੍ਹੇਟ ਵਿਚ ਹੀ ਰਹਿਣ, ਜਟਊਪੁਣੇ ਦਾ ਸ਼ਿਕਾਰ ਹੀ ਰਹਿਣ ਤੇ ਪਾੜਾ ਰਹੇ ਇਕ ਪਾਸੇ ਜੱਟ ਤੇ ਦੂਸਰੇ ਪਾਸੇ ਕਮੀਨ ਕਾਂਦੂ ਤੇ ਕਾਮਿਆਂ ਆਦਿ ਵਿਚ, ਤਾਂ ਸਮਝੋ ਸਭ ਕੁਝ ਹੀ ਗ਼ਲਤ ਹੈ । ਇਸ ਅਵਸਥਾ ਵਿਚ ਸਰਮਾਇਆ ਖੱਟ ਗਿਆ, ਬੁਰਜੁਆ ਪੈਂਤੜਾ ਲੋਹੇ-ਜੜਿਆ ਰਿਹਾ ।"

ਇਹਨਾਂ ਸਾਰੀਆਂ ਫਾਰਮੂਲੇਸ਼ਨਜ਼ ਪਿਛੇ ਛੁਪਿਆ ਭਾਵ ਇਹ ਹੈ ਕਿ ਸਰਮਾਇਆ ਲੱਗਣ ਨਾਲ ਪਿੰਡ ਦੇ ਸੀਨ 'ਤੇ ਨਵੀਆਂ ਜਮਾਤਾਂ ਹਵਾ ਵਿਚੋਂ ਨਹੀਂ ਸਗੋਂ ਪਹਿਲਾਂ ਤੋਂ ਚਲੀ ਆ ਰਹੀ ਆਰਥਕਤਾ ਅਤੇ "ਕਲਚਰਲ ਕੰਪਲੈਕਸ" ਦੀ ਪ੍ਰੰਪਰਾ 'ਚੋਂ ਜਨਮ ਲੈਂਦੀਆਂ ਹਨ । ਇੰਜ ਇਹ "ਕਲਚਰਲ ਕੰਪਲੈਕਸ" ਉਭਰ ਰਹੀਆਂ ਜਮਾਤਾਂ ਦੀ ਵਿਚਾਰਧਾਰਕ ਬਣਤਰ ਤੇ ਇੰਜ ਉਹਨਾਂ

ਵਿਚ ਗਤੀਸ਼ੀਲ ਸਿਆਸੀ ਤੋਲ ਨੂੰ ਪਰਭਾਵਿਤ ਕਰਦਾ ਹੈ। ਪੱਛਮ ਦੇ ਮੁਕਾਬਲੇ ਭਾਰਤੀ ਸਮਾਜ ਦੀ ਖ਼ਾਸੀਅਤ ਇਹ ਹੈ ਕਿ ਇਥੇ ਬਹੁਤੀ ਵੇਰ 'ਜਾਤ' ਅਤੇ 'ਜਮਾਤ' ਇਕ ਦੂਸਰੇ ਦੇ ਸਮਾਂਨੰਤਰ ਨਹੀਂ ਸਗੋਂ ਇਕ ਦੂਸਰੇ ਦੇ ਵਿਰੁਧ ਖੜ੍ਹਦੇ ਹਨ। ਜੇਕਰ ਸਮਾਂਨੰਤਰ ਹੁੰਦੀਆਂ ਤਾਂ ਮੁਸ਼ਕਲ ਹੀ ਕੋਈ ਨਹੀਂ ਸੀ ਹੋਣੀ। ਜਮਾਤੀ ਜਦੋ-ਜਹਿਦ ਦੇ ਦੋ ਅਟੁੱਟ ਜੁਜ਼ ਹਨ: (1) ਆਰਥਕਤਾਵਾਦੀ ਸਿਆਸੀ ਪੱਧਰ (**economico-political**); ਜਿਸ ਨੂੰ ਕਈ ਵੇਰ ਇਕਾਨੋਮਿਜ਼ਮ ਦਾ ਪੱਧਰ ਵੀ ਕਿਹਾ ਜਾਂਦਾ ਹੈ। (2) ਵਿਚਾਰਧਾਰਕ-ਸਿਆਸੀ ਪੱਧਰ (**ideologico-political**)। ਜਮਾਤੀ ਜਦੋ-ਜਹਿਦ ਕਰਨ ਦਾ ਭਾਵ ਦੋਵੇਂ ਜੁੱਜਾਂ ਨੂੰ ਮਹੱਤਤਾ ਦੇਣਾ ਹੈ, ਖ਼ਾਸ ਤੌਰ 'ਤੇ 'ਵਿਚਾਰਧਾਰਕ ਸਿਆਸੀ ਪੱਧਰ' ਨੂੰ, ਜਿਸ ਦੇ ਅੱਖੋਂ ਪਰੋਖੇ ਕਰਨ ਨਾਲ 'ਆਰਥਕਤਾਵਾਦੀ-ਸਿਆਸੀ ਪੱਧਰ' 'ਤੇ ਕੀਤੀ ਜਾਣ ਵਾਲੀ ਜਦੋ-ਜਹਿਦ ਨਾ ਕੇਵਲ ਮੱਠੀ ਪੈਂਦੀ ਹੈ ਸਗੋਂ ਸਾਰੀ ਜਮਾਤ ਨੂੰ (ਵੱਖ ਵੱਖ ਆਰਥਕ ਪੱਧਰਾਂ 'ਤੇ ਹੋਣ ਕਰਕੇ) ਇਕੋ ਲੜੀ ਵਿਚ ਪਰੋਣ ਤੋਂ ਵੀ ਅਸਮਰਥ ਰਹਿੰਦੀ ਹੈ। ਚੇਤੰਨਤਾ ਦਾ ਭਾਵ ਲੁਟੀਂਦੀਆਂ ਜਮਾਤਾਂ ਨੂੰ ਵਿਚਾਰਧਾਰਕ-ਸਿਆਸੀ ਪੱਧਰ ਦੀ ਮਹੱਤਤਾ ਤੋਂ ਜਾਣੂ ਕਰਵਾਉਣਾ ਹੈ। ਇਸ ਗੱਲ ਨੂੰ ਸਮਝਿਆਂ ਬਗ਼ੈਰ ਜਮਾਤੀ ਜਦੋ-ਜਹਿਦ ਨੂੰ ਅਗੇ ਵਧਾ ਕੇ ਸਿਆਸਤ ਦੇ ਤੋਲ ਦਾ ਝੁਕਦਾ ਪਲੜਾ ਲੁਟੇਰੀਆਂ ਜਮਾਤਾਂ ਦੇ ਹੱਕ ਵਿਚ ਹੋਣ ਤੋਂ ਕਦਾਚਿਤ ਨਹੀਂ ਰੋਕਿਆ ਜਾ ਸਕਦਾ ਭਾਵੇਂ ਕੋਈ ਜਿੰਨੀ ਮਰਜ਼ੀ ਪਿਆ ਮਿਲੀਟੈਂਸੀ ਦਿਖਾਵੇ।

ਅਜੋਕੀ ਜਾਤ-ਪਾਤ 'ਫਿਊਡਲਿਜ਼ਮ ਦੀ ਰਹਿੰਦ-ਖੂੰਹਦ' ਨਹੀਂ ਹੈ ਜਿਵੇਂ ਕਿ ਕਈ ਮਾਰਕਸਵਾਦੀ ਭੁਲੇਖਾ ਖਾਂਦੇ ਹਨ ਤੇ ਇਹ ਆਸ ਲਾਈ ਬੈਠੇ ਹਨ ਕਿ ਫਿਊਡਲਿਜ਼ਮ ਦੇ ਖ਼ਾਤਮੇ ਨਾਲ ਭਾਵ ਬੁਰਜੁਆ ਰਿਸ਼ਤਿਆਂ ਦੇ ਤਕੜੇ ਹੋਣ ਨਾਲ ਜਾਤ-ਪਾਤ ਦੀ ਜਕੜ ਖੁਰ ਜਾਵੇਗੀ, ਮੁਰਝਾ ਜਾਵੇਗੀ ਕਿਉਂਕਿ ਇਹ ਜਕੜ 'ਜਵਾਨ' ਨਹੀਂ, 'ਬੁੱਢੀ' ਹੋ ਰਹੀ ਹੈ। ਇਸ ਲਈ ਜਾਤ-ਪਾਤ ਦੇ ਮਸਲੇ ਨੂੰ ਖਾਹ-ਮਖਾਹ ਹਵਾ ਦੇਣ ਦੀ ਲੋੜ ਨਹੀਂ। ਪ੍ਰੋ: ਸਾਹਿਬ ਅਨੁਸਾਰ, (ਤੇ ਮੈਂ ਵੀ ਇਹ ਗੱਲ ਆਪਣੇ ਲੇਖਾਂ ਵਿਚ ਕਹਿ ਚੁੱਕਾ ਹਾਂ) ਜਾਤ-ਪਾਤ ਦੀ ਸੰਸਥਾ ਦਾ ਅਸਲਾ ਅੱਜ ਬੁਰਜੁਆ ਹੈ। ਜੱਟਊਪੁਣੇ ਦਾ ਅਸਲਾ ਬੁਰਜੁਆ ਹੈ ਤੇ ਇਹ ਮੁਰਝਾ ਨਹੀਂ ਰਿਹਾ। ਇਹ ਆਪਣੀ ਚੜ੍ਹਤ ਵਿਚ ਹੈ। ਜੇਕਰ ਨਾਂ ਪੁਰਾਣਾ ਹੈ ਤਾਂ ਇਸ ਦਾ ਭਾਵ ਇਹ ਨਹੀਂ ਕਿ ਅਸਲਾ ਪੁਰਾਣਾ ਹੈ। 'ਸਾਮਰਾਜਵਾਦ' ਨੂੰ ਅਸੀਂ ਅੱਜ ਤੱਕ ਸਾਮਰਾਜਵਾਦ ਕਹਿੰਦੇ ਆ ਰਹੇ ਹਾਂ ਪਰ ਵੱਖ ਵੱਖ ਪੜਾਵਾਂ 'ਤੇ ਇਸ ਦਾ ਅਸਲਾ ਬਦਲਦਾ ਰਿਹਾ ਹੈ।

ਜਾਤ-ਪਾਤ ਨੇ ਨਿਖੇੜੇ ਦੀ ਪ੍ਰਕ੍ਰਿਆ (**differentiation process**) ਵਿਚ ਗੁੰਝਲ ਇਹ ਪਾ ਦਿੱਤੀ ਹੈ ਕਿ ਜੇਕਰ ਇਕ ਪੱਧਰ, ਜਿਸ ਨੂੰ ਅਸੀਂ ਉਪਰ 'ਆਰਥਕਤਾਵਾਦੀ ਸਿਆਸੀ ਪੱਧਰ' ਕਿਹਾ ਹੈ, ਉਤੇ ਅਮੀਰ ਤੇ ਗਰੀਬ ਜੱਟਾਂ ਵਿਚ ਜਮਾਤੀ ਪਾੜਾ ਵੱਧਦਾ ਹੈ ਤਾਂ ਦੂਸਰੇ ਪੱਧਰ ਉਪਰ—ਭਾਵ 'ਵਿਚਾਰਧਾਰਕ ਸਿਆਸੀ ਪੱਧਰ' (**ਜਾਤ ਪਾਤ**) ਉਪਰ ਇਸ ਨੂੰ ਮੇਟਣ ਦੀ ਕੋਸ਼ਿਸ਼ ਵੀ ਲਗਾਤਾਰ ਜਾਰੀ ਹੈ। ਇੰਜ ਆਪਣੇ 'ਆਰਥਕ ਸਿਆਸੀ ਪੱਧਰ' ਦੀ ਰਾਖੀ ਲਈ ਲੁਟੇਰੀਆਂ ਜਮਾਤਾਂ ਦਾ ਹਮਲਾ ਹਮੇਸ਼ਾਂ 'ਵਿਚਾਰਧਾਰਕ ਸਿਆਸੀ ਪੱਧਰ' ਤੇ ਹੁੰਦਾ ਹੈ। ਜਿੰਨੀ ਦੇਰ ਤੱਕ ਉਹ ਇਸ ਪੱਧਰ 'ਤੇ ਨਹੀਂ ਹਾਰਦੀਆਂ, ਉਹ ਦੂਸਰੇ ਪੱਧਰ 'ਤੇ ਕਸਾਰਾ ਖਾ ਕੇ, ਘਾਟਾ ਖਾ ਕੇ ਫੇਰ ਉਠ ਪੈਂਦੀਆਂ ਹਨ। ਕਿਉਂਕਿ 'ਵਿਚਾਰਧਾਰਕ ਸਿਆਸੀ ਪੱਧਰ 'ਤੇ ਹਾਰ ਦਾ ਭਾਵ ਹੁੰਦਾ ਹੈ, ਦੱਬੀਆਂ ਜਮਾਤਾਂ ਦੀ ਜਥੇਬੰਦੀ, ਚੇਤੰਨਤਾ। ਇਸ ਲਈ ਇਹ ਗੱਲ ਬਹੁਤ ਵਾਰ ਵਾਪਰਦੀ ਹੈ ਕਿ ਸੰਕਟ ਦੀ ਘੜੀ ਲੁਟੇਰੀਆਂ ਜਮਾਤਾਂ 'ਆਰਥਕਤਾਵਾਦੀ ਸਿਆਸੀ ਪੱਧਰ' ਤੇ ਉਨੀਆਂ ਰਿਆਇਤਾਂ ਦੇਣਾ ਮੰਨ



ਜਾਂਦੀਆਂ ਹਨ ਜਿੰਨੀਆਂ ਨਾਲ 'ਵਿਚਾਰਧਾਰਕ-ਸਿਆਸੀ ਪੱਧਰ' ਉਪਰ ਉਹਨਾਂ ਦੀ ਚੜ੍ਹਤ ਬਣੀ ਰਹੇ ਪਰ ਦੱਬੀਆਂ ਜਮਾਤਾਂ ਦੀ ਅਜਿਹੀ ਜਿੱਤ ਬੜੀ ਥੋੜ-ਚਿਰੀ ਹੁੰਦੀ ਹੈ।

ਇੰਜ ਹੀ ਪ੍ਰੋ: ਸਾਹਿਬ ਨੇ ਸਿੱਖੀ ਦੇ ਜਜ਼ਬੇ ਦੀ ਗਲਤ ਵਰਤੋਂ ਦੀ ਗੱਲ ਕੀਤੀ ਹੈ।

ਇਸ ਉਪਰ ਦਰਸਾਈ ਸਿਧਾਂਤਕ ਸਮਝ ਨੂੰ ਸਿਆਸੀ ਪ੍ਰੋਗਰਾਮ ਦੇ ਰੂਪ ਵਿਚ ਕਿਵੇਂ ਰੋਜ਼ਾਨਾ ਜ਼ਿੰਦਗੀ ਵਿਚ ਲਾਗੂ ਕਰਨਾ ਹੈ? ਉਸ ਪ੍ਰੋਗਰਾਮ ਨੂੰ ਅਮਲੀ ਰੂਪ ਦੇਣ ਲਈ ਕਿਹੜੇ ਦਾਅ-ਪੇਚ ਵਧੇਰੇ ਯੋਗ ਹਨ ਤੇ ਕਿਹੜਿਆਂ ਤੋਂ ਬਚਣਾ ਚਾਹੀਦਾ ਹੈ? ਇਨ੍ਹਾਂ ਤੇ ਹੋਰ ਮਸਲਿਆਂ ਦੀ ਗੱਲ ਅਮਲੀ ਤਜਰਬੇ ਉਪਰ ਆਧਾਰਤ ਹੋ ਕੇ ਅੱਗੇ ਵਾਦ-ਵਿਵਾਦ ਰਾਹੀਂ ਤਾਂ ਹੀ ਟੁਰੇਗੀ ਜੇਕਰ ਇਸ ਸਿਧਾਂਤਕ ਸਮਝ ਨੂੰ ਸਵੀਕਾਰ ਕੀਤਾ ਜਾਵੇ ਤੇ ਇਸ ਦੀ ਮਹੱਤਤਾ ਨੂੰ ਸਮਝਿਆ ਜਾਵੇ। ਇਸ ਤੋਂ ਬਿਨ੍ਹਾਂ ਅੰਨਾ ਅਮਲ ਕੰਧਾਂ ਨਾਲ ਟੱਕਰਾਂ ਮਾਰਨਾ ਹੋਵੇਗਾ। ਜਦੋਂ ਕਿ ਦੂਸਰੇ ਪਾਸੇ ਇਸ ਸਮਝ ਨੂੰ ਕੇਵਲ ਸਿਧਾਂਤਕ ਤੌਰ 'ਤੇ ਮੰਨਣ ਨਾਲ ਹੀ ਅਮਲ ਤੋਂ ਨਹੀਂ ਬਚਿਆ ਜਾ ਸਕਦਾ। ਕੰਮ ਤਾਂ ਕੀਤਿਆਂ ਹੀ ਹੋਣਾ ਹੈ। ਸਮੁੱਚੇ ਭਾਰਤ ਵਿਚ 'ਜਾਤ' ਅਤੇ 'ਜਮਾਤ' ਦਾ ਮਸਲਾ ਕਿੰਨਾ ਗੁੰਝਲਦਾਰ ਬਣਦਾ ਜਾ ਰਿਹਾ ਹੈ, ਇਹ ਹੇਠਲੀ ਸਾਰਣੀ ਤੋਂ ਸਪਸ਼ਟ ਹੈ। ਇਸ ਸਾਰਣੀ ਵਿਚ ਸਾਲ 1979 ਵਿਚ ਹਰੀਜਨਾਂ ਉਪਰ ਹੋਏ ਵੱਖ ਵੱਖ ਕਿਸਮ ਦੇ ਅਤਿਆਚਾਰਾਂ ਦੀਆਂ ਵਾਰਦਾਤਾਂ ਦੀ ਗਿਣਤੀ ਦਰਜ ਹੈ: ਉਤਰ-ਪ੍ਰਦੇਸ਼ (4102 ਅਤਿਆਚਾਰ, ਅਪਰੈਲ ਤੋਂ ਦਸੰਬਰ 1979 ਤੱਕ); ਮੱਧ-ਪ੍ਰਦੇਸ਼ (386—ਉਸੇ ਸਮੇਂ ਦੌਰਾਨ); ਬਿਹਾਰ (8124—ਕੇਵਲ ਅਕਤੂਬਰ 1979 ਤੱਕ); ਕੇਰਾਲਾ (838—ਕੇਵਲ ਨਵੰਬਰ 1979 ਤੱਕ); ਰਾਜਸਥਾਨ (760—ਉਸੇ ਸਮੇਂ ਦੌਰਾਨ); ਕਾਰਨਾਟਕਾ (500—ਉਸੇ ਸਮੇਂ ਦੌਰਾਨ); ਮਹਾਂ-ਰਾਸ਼ਟਰਾ (475—ਕੇਵਲ ਨਵੰਬਰ 1979 ਤਕ); ਗੁਜਰਾਤ (475—ਉਸੇ ਸਮੇਂ ਦੌਰਾਨ;) ਪੰਜਾਬ (171); ਹਿਮਾਚਲ (83); ਹਰਿਆਣਾ (80); ਉੜੀਸਾ (43); ਹੋਰ 29 (ਇਹ ਸਾਰੇ ਉਸੇ ਸਮੇਂ ਦੌਰਾਨ) (ਟਾਈਮਜ਼ ਆਫ਼ ਇੰਡੀਆ, 15.3.1980)

ਇਸ ਮਹੱਤਵਪੂਰਨ ਸਮੱਸਿਆ ਬਾਰੇ ਅਮਲੀ ਪੱਧਰ 'ਤੇ ਕੀ ਕਰਨਾ ਚਾਹੀਦਾ ਹੈ? ਇਸ ਬਾਰੇ ਅਜੇ ਨਾ ਤਾਂ ਸਾਡੀ ਸਮਝ ਸਪਸ਼ਟ ਹੈ, ਨਾ ਹੀ ਖੱਬੀਆਂ ਪਾਰਟੀਆ ਦੀ ਤੇ ਨਾ ਹੀ ਹਲਵਾਰਵੀ ਦੀ। ਪਰ ਇਸ ਸਮੱਸਿਆ ਬਾਰੇ ਹਰਭਜਨ ਹਲਵਾਰਵੀ ਦੀ ਸਿਧਾਂਤਕ ਸਮਝ ਕੀ ਹੈ? ਇਹ ਅਸੀਂ ਹੇਠਾਂ ਦੇ ਰਹੇ ਹਾਂ। ਇਥੋਂ ਪਾਠਕ ਪੰਜਾਬ ਦੇ ਬਹੁਤ ਸਾਰੇ ਖੱਬੇ-ਪੱਖੀ ਸਿਆਸੀ ਕਾਰਕੁਨਾਂ ਦੀ ਸਮਝ ਦਾ ਅੰਦਾਜ਼ਾ ਲਗਾ ਸਕਣਗੇ। ਹਲਵਾਰਵੀ ਲਿਖਦਾ ਹੈ: "ਮਾਰਕਸਵਾਦੀ ਹੋਣ ਦੇ ਨਾਤੇ" ਕਿਸ਼ਨ ਸਿੰਘ ਹੋਰਾਂ ਨੂੰ ਪਤਾ ਹੋਣਾ ਚਾਹੀਦੀ ਸੀ ਕਿ ਜਾਤ-ਪਾਤ ਪ੍ਰਣਾਲੀ ਬੁਰਜੁਆ ਸਿਸਟਮ ਦੀ ਦੇਣ ਨਹੀਂ, ਸਗੋਂ ਜਾਗੀਰੂ ਢਾਂਚੇ ਦੀ ਰਹਿੰਦ-ਖੂੰਹਦ ਹੈ। ਇਕ ਮਾਰਕਸਵਾਦੀ ਦਾ ਕੰਮ ਇਹ ਜਾਣਨਾ ਹੈ ਕਿ ਕਿੰਨ੍ਹਾਂ ਕਾਰਨਾਂ ਕਰਕੇ ਇਹ ਰਹਿੰਦ ਖੂੰਹਦ ਅਜੇ ਕਾਇਮ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਸਾਡੇ ਦੇਸ਼ ਵਿਚ ਬੁਰਜੁਆ ਵਿਕਾਸ ਪੂਰੀ ਤੇਜ਼ੀ ਨਾਲ ਨਹੀਂ ਹੋ ਰਿਹਾ ਅਤੇ ਇਸ ਦੇ ਆਰਥਕ ਢਾਂਚੇ ਵਿਚ ਬਹੁਤ ਸਾਰੇ ਜਾਗੀਰੂ ਤੱਤ ਅਜੇ ਮੌਜੂਦ ਹਨ। ਦੂਜੇ, ਸਭਿਆਚਾਰ ਦੀ ਉਸਾਰੀ ਆਰਥਕ ਉਸਾਰੀ ਨਾਲੋਂ ਕੁਝ ਪਿਛੇ ਰਹਿ ਜਾਂਦੀ ਹੈ ਅਤੇ ਸਾਡੇ ਸਭਿਆਚਾਰ ਵਿਚ ਜਾਗੀਰੂ ਤੱਤ ਅਜੇ ਕਾਫ਼ੀ ਭਾਰੂ ਹਨ। ਸਾਡੀ ਸੋਚਣੀ ਅਜੇ ਵੀ ਬਹੁਤ ਹੱਦ ਤੱਕ ਜਾਗੀਰੂ ਭਾਵਨਾਵਾਂ ਦੀ ਜਕੜ ਵਿਚ ਹੈ। ਸ਼ਰਧਾ, ਉਪ-ਭਾਵਕਤਾ ਤੇ **ਜਾਤਪਾਤ ਵਖਰੇਵਾਂ** ਇਸ ਦੀਆਂ ਕੁਝ ਕੁ ਮਿਸਾਲਾਂ ਹਨ।"

ਹਰਭਜਨ ਹਲਵਾਰਵੀ ਦੀ ਸਮਝ ਅਨੁਸਾਰ ਜਾਤ-ਪਾਤ ਜਾਗੀਰੂ ਢਾਂਚੇ ਦੀ ਦੇਣ ਹੈ। ਸਰਮਾਏ ਦੇ ਦਾਖ਼ਲੇ ਨਾਲ ਅੱਜ ਜਾਗੀਰੂ ਢਾਂਚਾ ਅਰਥਕਤਾ ਦੇ ਪੱਧਰ 'ਤੇ ਸਰਮਾਏਦਾਰੀ ਆਰਥਕ

ਰਿਸ਼ਤਿਆਂ ਵਿਚ ਵੱਟ ਗਿਆ ਹੈ ਪਰ ਉਸਾਰ ਦੀ ਪੱਧਰ 'ਤੇ ਜਾਤ-ਪਾਤ ਉਸ ਦੀ ਰਹਿੰਦ-ਖੂੰਹਦ ਵਜੋਂ ਅਜੇ ਪਿਛੇ ਰਹਿ ਗਈ ਹੈ ਕਿਉਂਕਿ ਸਭਿਆਚਾਰ ਦੀ ਉਸਾਰੀ ਆਰਥਕ ਉਸਾਰੀ ਨਾਲੋਂ ਕੁਝ ਪਿਛੇ ਰਹਿ ਜਾਂਦੀ ਹੈ। ਇਹ ਗੱਲ ਬਿਲਕੁਲ ਗਲਤ ਹੈ ਤੇ ਐਨੀ ਗਲਤ ਗੱਲ ਨੂੰ ਮਾਰਕਸਵਾਦ ਦੇ ਨਾਂ ਹੇਠ ਪੇਸ਼ ਕਰਨਾ ਹੋਰ ਵੀ ਮਾੜੀ ਗੱਲ ਹੈ। ਭਾਰਤ ਵਿਚ ਜਾਤ-ਪਾਤ ਕਦੋਂ ਤੇ ਕਿਵੇਂ ਸ਼ੁਰੂ ਹੋਈ ਤੇ ਇਹ ਕਿਹੋ ਜਿਹੇ ਆਰਥਕ ਢਾਂਚੇ ਦੀ ਦੇਣ ਹੈ—ਇਹ ਵਿਸ਼ਾ ਵਿਦਵਾਨਾਂ ਵਿਚ ਵੱਡੀ ਚਰਚਾ ਦਾ ਵਿਸ਼ਾ ਹੈ।

ਇਹ ਜਾਣਨ ਲਈ ਜ਼ਰੂਰੀ ਨਹੀਂ ਕਿ ਆਦਮੀ ਮਾਰਕਸਵਾਦੀ ਹੋਵੇ ਸਗੋਂ ਸਾਧਾਰਨ ਗਿਆਨ ਹੀ ਕਾਫੀ ਹੈ ਕਿ ਜਾਤ-ਪਾਤ ਜਾਗੀਰੂ ਢਾਂਚੇ ਦੇ ਉਭਰਨ ਤੋਂ ਪਹਿਲਾਂ ਵੀ ਭਾਰਤ ਵਿਚ ਮੌਜੂਦ ਸੀ। ਜਿਵੇਂ ਜਾਗੀਰੂ ਢਾਂਚੇ ਨੇ ਇਸ 'ਕਲਚਰਲ ਕੰਪਲੈਕਸ' ਵਿਚ ਆਪਣੀ ਵਸਤੂ ਭਰੀ, ਉਂਜ ਹੀ ਅੱਜ ਸਰਮਾਏਦਾਰੀ ਢਾਂਚਾ ਕਰ ਰਿਹਾ ਹੈ। ਇੰਜ ਸਮਕਾਲੀ ਜਾਤ-ਪਾਤ ਇਕ 'ਕਲਚਰਲ ਕੰਪਲੈਕਸ' ਵਜੋਂ ਜਾਗੀਰੂ ਢਾਂਚੇ ਦੀ ਰਹਿੰਦ-ਖੂੰਹਦ ਨਹੀਂ ਸਗੋਂ ਉਭਰ ਰਹੀ ਮਹੱਤਵਪੂਰਨ ਵਿਚਾਰ-ਧਾਰਾ ਹੈ ਤੇ ਭਾਰਤ ਦੇ ਕਈ ਹਿੱਸਿਆਂ ਵਿਚ ਸਮਾਜਵਾਦ ਦੇ ਵਿਚਾਰਧਾਰਕ ਜਜ਼ਬੇ ਤੋਂ ਵੀ ਵਧੇਰੇ ਸ਼ਕਤੀਸ਼ਾਲੀ ਹੈ।

ਆਸ ਹੈ ਹਰਭਜਨ ਹਲਵਾਰਵੀ ਇਸ ਗਲਤ ਧਾਰਨਾ ਨੂੰ ਤਲਾਂਜਲੀ ਦੇ ਕੇ ਅਧਿਐਨ ਰਾਹੀਂ ਇਸ ਮਸਲੇ ਸੰਬੰਧੀ ਪ੍ਰੋ: ਕਿਸ਼ਨ ਸਿੰਘ ਨਾਲੋਂ ਵੀ ਵਧੇਰੇ ਸਪਸ਼ਟ ਧਾਰਨਾਵਾਂ ਉਪਰ ਪੁੱਜੇਗਾ ਤੇ ਸਮੱਸਿਆ ਨੂੰ ਇਸ ਦੇ ਭਰਵੇਂ ਤੇ ਠੋਸ ਰੂਪ ਵਿਚ "**ਸੇਧ**" ਦੇ ਪਾਠਕਾਂ ਅੱਗੇ ਰੱਖੇਗਾ। ਮੇਰਾ ਵਿਸ਼ਵਾਸ਼ ਹੈ ਕਿ ਅਜਿਹਾ ਕਰ ਸਕਣ ਦੀ ਉਸ ਵਿਚ ਯੋਗਤਾ ਹੈ। ਰੱਬ ਕਰੇ ਇਹ ਮੇਰਾ ਬਣਿਆ ਆਉਂਦਾ ਭਰਮ ਸਿੱਧ ਨਾ ਹੋਵੇ।

---

ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ) ਦੀ ਐਗਜ਼ੈਕਟਿਵ ਮੀਟਿੰਗ 16-3-80 ਨੂੰ ਪ੍ਰੋ: ਪ੍ਰੀਤਮ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਹੇਠਾਂ ਦਰਜ ਮਤਾ ਸਰਬ ਸੰਮਤੀ ਨਾਲ ਪਰਵਾਨ ਕੀਤਾ ਗਿਆ।

'ਕੇਂਦਰੀ ਪੰਜਾਬੀ ਲੇਖਕ ਸਭਾ ਦੀ ਐਗਜ਼ੈਕਟਿਵ ਆਪਣੇ ਇਸ ਵਿਸ਼ਵਾਸ਼ ਨੂੰ ਮੁੜ ਕੇ ਦੁਹਰਾਉਂਦੀ ਹੈ ਕਿ ਪੰਜਾਬ ਪ੍ਰਦੇਸ਼ ਪੰਜਾਬੀ ਜ਼ਬਾਨ ਦੇ ਆਧਾਰ ਉਤੇ ਬਣਿਆ ਇਕ-ਭਾਸ਼ੀ ਸੂਬਾ ਹੈ। ਇਸ ਪ੍ਰਦੇਸ਼ ਵਿਚ ਰਹਿ ਕੇ ਮਾਂ-ਪੰਜਾਬੀ ਤੋਂ ਮੁਨਕਰ ਹੋਣਾ, ਮਾਂ ਨਾਲ ਧਰੋ ਕਮਾਣ ਦੇ ਤੁਲ ਹੈ। ਇਸ ਲਈ ਜਿਹੜੇ ਸੱਜਣ ਪੰਜਾਬ ਨੂੰ ਮੁੜ ਕੇ ਦੋ-ਭਾਸ਼ੀ ਸੂਬਾ ਸਾਬਤ ਕਰਨ ਅਤੇ ਪੰਜਾਬ ਨੂੰ ਨੁਕਸਾਨ ਪਹੁੰਚਾਉਣ ਦੇ ਮਨਸੂਬੇ ਬਣਾ ਰਹੇ ਹਨ, ਇਹ ਸਭਾ ਉਨ੍ਹਾਂ ਦੀ ਪੁਰਜ਼ੋਰ ਨਿੰਦਿਆ ਕਰਦੀ ਹੈ। ਸਭਾ ਇਹ ਵੀ ਮੰਗ ਕਰਦੀ ਹੈ ਕਿ ਆਉਣ ਵਾਲੀ ਮਰਦਮ-ਸ਼ੁਮਾਰੀ ਵਿਚ ਹਰ ਫਿਰਕੇ ਤੇ ਹਰ ਮਜ਼ਹਬ ਦੇ ਪੰਜਾਬੀ ਭਾਸ਼ੀ ਲੋਕ ਆਪਣੀ ਮਾਦਰੀ ਜ਼ਬਾਨ ਪੰਜਾਬੀ ਹੀ ਲਿਖਵਾਉਣ ਤੇ ਪੰਜਾਬ ਤੇ ਪੰਜਾਬੀ ਦੇ ਵਿਰੋਧੀਆਂ ਦੀਆਂ ਚਾਲਾਂ ਤੋਂ ਚੌਕਸ ਰਹਿਣ।"

ਮੀਟਿੰਗ ਨੇ ਤੈ ਕੀਤਾ ਕਿ ਸਭਾ ਦਾ ਚੋਣ ਸਮਾਗਮ 20 ਅਪ੍ਰੈਲ, 1980 ਨੂੰ ਦੇਸ਼ ਭਗਤ ਯਾਦਗਾਰ ਹਾਲ, ਜਲੰਧਰ ਵਿਚ ਦਿਨ ਦੇ 11 ਵਜੇ ਕੀਤਾ ਜਾਵੇ। ਇਸ ਵਿਚ ਸਭਾ ਦੇ ਸਾਢੇ ਸਤ ਸੌ ਮੈਂਬਰ ਭਾਗ ਲੈਣਗੇ।

ਜਗੀਰ ਸਿੰਘ ਜਗਤਾਰ, ਕਾਰਜਕਾਰੀ ਜਨਰਲ ਸਕੱਤਰ,
ਕੇਂਦਰੀ ਪੰਜਾਬੀ ਲੇਖਕ ਸਭਾ।



ਭੁਪਿੰਦਰ ਸਿੰਘ ਖਹਿਰਾ

## ਖੋਜ ਚਿਹਨ-ਵਿਗਿਆਨ ਅਤੇ ਪਟਿਆਲੇ ਦੇ ਸੰਰਚਨਾਵਾਦੀ

ਜੇਕਰ ਕੋਈ ਸੰਰਚਨਾਵਾਦੀਆਂ ਤੋਂ ਪੁਛੇ ਕਿ ਭਾਈ, ਤੁਸੀਂ ਆਪਣੀ ਇਸ ਵਿਧੀ ਜਾਂ ਵਾਦ ਨਾਲ ਕੀ ਕਰਦੇ ਹੋ, ਕਹਿੰਦੇ ਅਸੀਂ ਖੋਜ ਕਰਦੇ ਹਾਂ, ਸਾਹਿਤ ਨੂੰ ਸਮਝਦੇ ਹਾਂ, ਅੰਨ੍ਹਿਆਂ ਨੂੰ ਅੱਖਾਂ ਬਖਸ਼ਦੇ ਹਾਂ, ਭੁਲਿਆਂ ਨੂੰ ਰਸਤੇ ਪਾਉਂਦੇ ਹਾਂ। ਭਲਾਮਾਣਸ ਬੰਦਾ ਸਤ ਬਚਨ ਆਖ ਕੇ ਇਹਨਾਂ ਦੀਆਂ ਲੱਛੇਦਾਰ ਗਲਾਂ 'ਚ ਉਲਝ ਸਕਦਾ ਹੈ।

ਖੋਜ ਬੇਸ਼ਕ ਨਵੇਂ ਰਾਹਾਂ ਦੀ ਭਾਲ ਵਿਚ ਰੁਝੀ ਮਨੁੱਖੀ ਮਾਨਸਿਕ ਸਰਗਰਮੀ ਦਾ ਹੀ ਨਾਂ ਹੈ, ਪਰ ਇਸ ਸਰਗਰਮੀ ਦੇ ਮਨੁੱਖੀ-ਸਮਾਜ ਦੇ ਇਤਿਹਾਸ ਵਿਚ, ਸਮੇਂ ਅਤੇ ਲੋੜ ਅਨੁਸਾਰ, ਨਿਰਧਾਰਤ ਵੇਗ ਅਤੇ ਦਿਸ਼ਾਵਾਂ ਰਹੀਆਂ ਹਨ। ਇਹਨਾਂ ਦਿਸ਼ਾਵਾਂ ਅਤੇ ਵੇਗਾਂ ਨੂੰ ਜਾਣਨ ਲਈ ਸਮੁੱਚੇ ਮਨੁੱਖੀ ਇਤਿਹਾਸ ਦੇ ਵਿਕਾਸ ਨੂੰ ਮੱਦੇ-ਨਜ਼ਰ ਰੱਖਣ ਦੀ ਲੋੜ ਹੈ।

ਲੁੱਟ ਦੇ ਰਿਸ਼ਤਿਆਂ ਉਪਰ ਉਸਰੇ ਸਮਾਜ ਵਿਚ, ਸਮਾਜ-ਵਿਗਿਆਨਾਂ ਵਿਚ ਦੋ ਰੁਝਾਨ ਜਨਮ ਲੈਂਦੇ ਹਨ। ਇਕ ਰੁਝਾਨ ਤਾਂ ਲੁੱਟ ਨੂੰ ਜਿਉਂ ਦੀ ਤਿਉਂ ਰੱਖਣ ਵਿਚ ਮਦਦ ਕਰਦਾ ਹੈ; ਇਸ ਨੂੰ ਅਸੀਂ ਬੁਰਜੂਆ ਰੁਝਾਨ ਜਾਂ ਪਿਛਾਂਹ-ਖਿਚੂ ਰੁਝਾਨ ਕਹਾਂਗੇ। ਦੂਸਰਾ ਰੁਝਾਨ ਇਸ ਲੁਟ ਨੂੰ ਜੜ੍ਹੋਂ ਉਖਾੜਨ ਲਈ ਸੰਘਰਸ਼ ਕਰਦਾ ਹੈ, ਇਸ ਨੂੰ ਅਸੀਂ ਅਗਾਂਹ ਵਧੂ ਜਾਂ ਮਾਰਕਸਵਾਦੀ ਰੁਝਾਨ ਕਹਾਂਗੇ। ਅਗਾਂਹ ਵਧੂ ਰੁਝਾਨ ਲੁਟ ਨੂੰ ਖਤਮ ਕਰਨ 'ਤੇ ਤੁਲਿਆ ਹੋਇਆ ਹੈ। ਇਹ ਸੰਸਾਰਕ ਦਵੰਦਾਂ ਨੂੰ ਕਿਉਂ ਤੱਕ ਖੋਜਦਾ ਹੈ। ਕਿਉਂ ਹੀ ਇਸ ਸਿਧਾਂਤ ਦੀ ਵਿਸ਼ੇਸ਼ਤਾ ਹੈ। ਮੈਂ ਗਰੀਬ ਹਾਂ। ਕਿਉਂ ? ਭਾਰਤ ਗਰੀਬ ਹੈ। ਕਿਉਂ ? ਇਹ ਕਿਉਂ ਚੇਤਨਾ ਨੂੰ ਦਰੁਸਤ ਮਾਰਗ ਵਲ ਲੈ ਜਾਂਦੀ ਹੈ। ਇਹ ਸਿਧਾਂਤ ਮਨੁੱਖ ਦੇ ਦਿਮਾਗ ਨੂੰ ਇਸ ਤਰ੍ਹਾਂ ਢਾਲਦਾ ਹੈ ਕਿ ਉਹ ਆਪਣੇ ਚੌਗਿਰਦੇ ਦੇ ਦਵੰਦਾਂ ਨੂੰ ਭੌਤਿਕ ਪ੍ਰਸੰਗ ਵਿਚ ਹਲ ਕਰਦਾ ਹੈ। ਮਾਰਕਸਵਾਦ ਅਨੁਸਾਰ ਖੋਜ ਉਹ ਹੁੰਦੀ ਹੈ ਜਿਹੜੀ ਯਥਾਰਥਕ ਸੋਚ ਨੂੰ ਕਿਉਂ ਤਕ ਲੈ ਜਾਵੇ। ਸਰਬ ਸਾਂਝੀ ਤੇ ਸਰਬਤ ਦੇ ਭਲੇ ਲਈ ਹੋਵੇ। ਲੁਟ-ਰਹਿਤ ਸਮਾਜ ਉਸਾਰਨ ਦੀ ਸੇਧ ਦੇਵੇ। ਕੁਦਰਤੀ ਆਫ਼ਤਾਂ ਨਾਲ ਟਕਰਾਉਣ ਲਈ ਮਨੁੱਖ ਦੇ ਹੱਥ ਮਜ਼ਬੂਤ ਕਰੇ। ਮਨੁੱਖ ਦੇ ਸਾਰੇ ਦਵੰਦਾਂ ਨੂੰ ਭੌਤਿਕ ਪ੍ਰਸੰਗ ਵਿਚ ਰਖ ਕੇ ਸੁਲਝਾਵੇ।

ਇਹ ਸਾਰੇ ਨੁਕਤੇ ਅਜੇਹੇ ਨੇ ਜਿਹੜੇ ਮਨੁੱਖ ਨੂੰ ਪ੍ਰਗਤੀ ਦੇ ਰਾਹ 'ਤੇ ਤੋਰਦੇ ਨੇ। ਲੁੱਟ ਦਾ ਜੂਲਾ ਲਾਹੁਣ ਲਈ ਉਸ ਦੀ ਸਮਝ ਨੂੰ ਦਰੁਸਤ ਪਾਸੇ ਲੈ ਜਾਂਦੇ ਨੇ। ਹੋਰ ਸਾਰੇ ਵਾਦ, ਸਣੇ ਸੰਰਚਨਾਵਾਦ ਦੇ, ਉਪਰੋਕਤ ਮਾਰਕਸਵਾਦੀ ਖੋਜ ਦੇ ਸੰਕਲਪ 'ਤੇ ਤਿੱਖਾ ਹਮਲਾ ਕਰਦੇ ਨੇ। ਇਹ

ਵਾਦ ਮਨੁੱਖ ਦੀ ਸੋਚ ਨੂੰ ਦਰੁਸਤ ਰਸਤੇ ਤੋਂ ਉਖਾੜ ਕੇ ਭੰਬਲਭੂਸੇ ਵਿਚ ਪਾਉਂਦੇ ਨੇ। ਸੰਸਾਰ 'ਤੇ ਜਿੰਨੀ ਤੇਜ਼ੀ ਨਾਲ ਵਿਦਿਆ ਦਾ ਸੰਚਾਰ ਹੋ ਰਿਹਾ ਹੈ, ਉਨੀਂ ਹੀ ਤੇਜ਼ੀ ਨਾਲ ਮਨੁੱਖ ਚੇਤਨ ਹੁੰਦਾ ਜਾ ਰਿਹਾ ਹੈ। ਆਦਰਸ਼ਵਾਦ ਅਤੇ ਭੌਤਿਕਵਾਦ ਦਾ ਘੇਰਾ ਚੰਗੀ ਤਰ੍ਹਾਂ ਨਿਖਰਦਾ ਜਾ ਰਿਹਾ ਹੈ। ਹਰ ਸੋਝੀਵਾਨ ਮਨੁੱਖ ਭੌਤਿਕਵਾਦ ਦਾ ਹੀ ਰਾਹ ਚੁਣਦਾ ਹੈ। ਬੁਰਜੂਆ ਸਕਾਲਰਾਂ ਲਈ ਇਹ ਸਮੱਸਿਆ ਬਣੀ ਹੋਈ ਹੈ ਕਿ ਕਿਵੇਂ ਨਾ ਕਿਵੇਂ ਇਸ ਰਸਤੇ ਨੂੰ ਬੰਦ ਕਰ ਦਿੱਤਾ ਜਾਵੇ। ਇਸ ਲਈ ਇਹਨਾਂ ਬੁਰਜੂਆ ਸਕਾਲਰਾਂ ਨੇ ਅਜੇਹੇ ਵਾਦ ਅਤੇ ਵਿਧੀਆਂ ਘੜਨੀਆਂ ਸ਼ੁਰੂ ਕਰ ਦਿਤੀਆਂ ਹਨ ਜਿਹੜੀਆਂ ਦਿਖ ਵਿਚ ਭੌਤਿਕਵਾਦੀ ਲੱਗਣ ਪਰ ਉਹਨਾਂ ਦੀ ਟੇਕ ਆਦਰਸ਼ਵਾਦ 'ਤੇ ਹੋਵੇ ਤਾਂਕਿ ਉਹ ਚੁਸਤੀ ਨਾਲ ਮਨੁੱਖੀ ਚੇਤਨਾ ਦਾ ਵੇਗ ਬਦਲ ਸਕਣ। ਸੰਰਚਨਾਵਾਦ ਵੀ ਇਕ ਅਜੇਹੀ ਹੀ ਕਾਢ ਹੈ ਜਿਹੜੀ ਬੁਰਜੂਆ ਸਕਾਲਰਾਂ ਦੀ ਉਪਰੋਕਤ 'ਸਮੱਸਿਆ' ਨੂੰ ਹਲ ਕਰਦੀ ਹੈ। ਇਸ ਲਈ ਇਹਨਾਂ ਦੀ ਖੋਜ ਦੀ ਧਾਰਨਾ ਹੀ ਦਰੁਸਤ ਨਹੀਂ। ਸੰਰਚਨਾਵਾਦ ਕਿਸੇ ਵੀ ਉਸਾਰੂ ਖੋਜ ਦੇ ਕਾਬਲ ਨਹੀਂ। ਇਹ ਤਾਂ ਸਗੋਂ ਉਸਾਰੂ ਖੋਜ ਨੂੰ ਪੁੱਠੇ ਰਸਤੇ ਪਾਉਂਦਾ ਹੈ।

ਸੰਰਚਨਾਵਾਦੀ 'ਖੋਜਕਾਰ' ਸਮਾਜ ਦੇ ਭਲੇ ਹਿੱਤ ਜਾਂ ਸਮਾਜ ਲਈ ਖੋਜ ਨਹੀਂ ਕਰਦੇ। ਉਹਨਾਂ ਦੀ ਖੋਜ ਉਹਨਾਂ ਦਾ ਚਸਕਾ ਹੈ। ਇਹਨਾਂ ਦੀ ਖੋਜ ਤਾਂ ਫੰਡਰ ਮੱਝ ਦੀ ਤਰ੍ਹਾਂ ਹੈ, ਜਿਸ ਤੋਂ ਦੁਧ ਦੇ ਕਟੋਰਿਆਂ ਦੀ ਆਸ ਨਹੀਂ ਰੱਖਣੀ ਚਾਹੀਦੀ। ਜਿਹਨਾਂ ਨੇ ਆਪਣੀ ਜ਼ਿੰਦਗੀ ਵਿਚ ਕੁਝ ਵੀ ਨਾ ਕਰਨ ਦੀ ਧਾਰੀ ਹੋਈ ਹੁੰਦੀ ਹੈ, ਉਹ ਸੰਰਚਨਾਵਾਦੀ ਬਣ ਸਕਦੇ ਨੇ। ਗੀਤ ਗੋਬਿੰਦ ਪੜ੍ਹਣ ਅਤੇ ਕ੍ਰਿਸ਼ਨ ਲੀਲਾ ਕਰਨ ਤੋਂ ਸੌਖਾ ਕੰਮ ਹੋਰ ਕੀ ਹੋ ਸਕਦਾ ਏ? ਜਦੋਂ ਇਹਨਾਂ ਦੀ ਖੋਜ ਸਮਾਜ ਦਾ ਕੁਝ ਸੰਵਾਰ ਨਹੀਂ ਸਕਦੀ, ਇਹਨਾਂ ਦੀ ਵਿਧੀ ਵਿਚ ਯਥਾਰਥ ਨੂੰ ਘੋਖਣ ਜੋਗਾ ਤੰਤ ਨਹੀਂ, ਫਿਰ ਭਲਾ ਇਹਨਾਂ ਨੂੰ ਖੋਜ ਦਾ ਹੇਹਾ ਕਿਉਂ ਚੜ੍ਹਿਆ ਰਹਿੰਦਾ ਹੈ? ਇਸ ਨੂੰ ਬਰੀਕੀ ਨਾਲ ਸਮਝਣ ਦੀ ਲੋੜ ਹੈ।

ਸਭਿਆਚਾਰਕ ਵਿਕਾਸ ਅੰਦਰ ਕੰਮ ਕਰ ਰਹੇ ਪ੍ਰਮੁੱਖ ਰੁਝਾਨਾਂ ਦੀ ਵਾਕਫੀ ਪ੍ਰਾਪਤ ਕਰਕੇ, ਕੋਈ ਵੀ ਸਾਹਿਤ ਪ੍ਰੇਮੀ, ਸੰਰਚਨਾਵਾਦ ਦੇ ਪਰਖੱਚੇ ਉਡਾ ਸਕਦਾ ਹੈ। ਆਪਣੀ ਗੱਲ ਨੂੰ ਆਸਾਨ ਬਣਾਉਣ ਲਈ, **ਪੰਚ ਤੰਤਰ** ਦੇ ਤੀਸਰੇ ਖੰਡ ਵਿਚਲੀ ਇਕ ਕਹਾਣੀ ਲੈਂਦੇ ਹਾਂ। ਇਹ ਕਹਾਣੀ ਹੈ ਕਾਂਵਾਂ ਤੇ ਉਲੂਆਂ ਦੀ। ਸਮੱਸਿਆ ਇਹ ਹੈ ਕਿ ਉਲੂ ਰਾਤ ਨੂੰ ਕਾਂਵਾਂ 'ਤੇ ਹਮਲਾ ਕਰ ਕੇ ਬਹੁਤ ਸਾਰੇ ਕਾਂ ਮਾਰ ਦਿੰਦੇ ਹਨ। ਰਾਤੋ ਰਾਤ ਉਹ ਆਪਣੀਆਂ ਖੁੱਡਾਂ 'ਚ ਜਾ ਵੜਦੇ ਹਨ। ਦਿਨ ਨੂੰ ਕਾਂ ਉਲੂਆਂ ਦੀਆਂ ਖੁੱਡਾਂ ਨਹੀਂ ਲਭ ਸਕਦੇ। ਸਮੱਸਿਆ ਨੂੰ ਹਲ ਕਰਨ ਲਈ ਸਿਆਣੇ ਕਾਂਵਾਂ ਦੀ ਇਕ ਗੁਪਤ ਮੀਟਿੰਗ ਹੁੰਦੀ ਹੈ।

''ਪਹਿਲਾ ਕਾਂ ਬੋਲਦਾ ਹੈ ਕਿ ਸਾਨੂੰ ਦੁਸ਼ਮਣ ਨਾਲ ਲੜਾਈ ਕਰਨੀ ਚਾਹੀਦੀ ਹੈ। ਦੁਸ਼ਮਣ ਬੇਈਮਾਨ ਹੈ; ਇਸ ਲਈ ਲੜਾਈ ਤੋਂ ਸਿਵਾਏ ਕੋਈ ਚਾਰਾ ਨਹੀਂ।''

''ਦੂਸਰਾ ਕਹਿੰਦਾ ਹੈ, ਬੇਸ਼ਕ ਵੈਰੀ ਜ਼ਾਲਮ ਹੈ, ਪਰ ਸਾਨੂੰ ਅਮਨ ਨਾਲ ਰਹਿਣਾ ਚਾਹੀਦਾ ਹੈ। ਅਹਿੰਸਾ ਹੀ ਪਰਮ ਧਰਮ ਹੈ।''

''ਤੀਸਰਾ ਕਹਿੰਦਾ ਇਹ ਦੋਵੇਂ ਗਲਾਂ ਗਲਤ ਹਨ। ਸਾਨੂੰ ਆਪਣੀ ਜਗ੍ਹਾ ਬਦਲ ਲੈਣੀ ਚਾਹੀਦੀ ਹੈ। ਕਿਸੇ ਹੋਰ ਥਾਂ ਜਾ ਟਿਕਣਾ ਚਾਹੀਦਾ ਹੈ ਜਿਥੇ ਸਾਡਾ ਕੋਈ ਦੁਸ਼ਮਣ ਨਾ ਹੋਵੇ।''

''ਚੌਥਾ ਕਹਿੰਦਾ ਸਾਨੂੰ ਆਪਣੀ ਮਜ਼ਬੂਤ ਕਿਲ੍ਹੇਬੰਦੀ ਕਰਨੀ ਚਾਹੀਦੀ ਹੈ।

''ਪੰਜਵਾਂ ਕਹਿੰਦਾ, ਨਹੀਂ, ਸਾਨੂੰ ਦੁਸ਼ਮਣ ਦੇ ਦੁਸ਼ਮਣਾਂ ਨਾਲ ਸਮਝੌਤਾ ਕਰਨਾ ਚਾਹੀਦਾ



ਹੈ। ਇਕ ਮਜ਼ਬੂਤ ਗੱਠਜੋੜ ਬਣਾ ਕੇ ਲੜਾਈ ਕਰਨੀ ਚਾਹੀਦੀ ਹੈ।''

''ਛੇਵਾਂ ਕਹਿੰਦਾ ਸਾਨੂੰ ਦੋਗਲੀ ਰਾਜਨੀਤੀ ਵਰਤਣੀ ਚਾਹੀਦੀ ਹੈ। ਉਹਨਾਂ ਵਿਚੋਂ ਕੁਝ ਕਾਂਵਾਂ ਨੂੰ ਮਿਤਰ ਬਣਾ ਕੇ ਅਸੀਂ ਆਪਣਾ ਬਦਲਾ ਲੈ ਸਕਦੇ ਹਾਂ।''

ਉਪਰੋਕਤ ਸਾਰੇ ਕਾਂ ਆਪਣੀਆਂ ਗਲਾਂ ਇਹ ਕਹਿ ਕੇ ਦਰੁਸਤ ਸਿਧ ਕਰਦੇ ਹਨ ਕਿ ਉਹਨਾਂ ਨੇ ਇਹ ਸਮਾਜ ਸ਼ਾਸਤਰ ਦੀ ਵਡੀ ਪੁਸਤਕ 'ਚੋਂ ਲਈਆਂ ਹਨ।

ਇਹ ਮਸਲਾ ਸਿਰਫ ਕਾਂਵਾਂ ਦਾ ਹੀ ਮਸਲਾ ਨਹੀਂ। ਇਹੀ ਕੁਝ ਸਭਿਆਚਾਰ ਦੇ ਇਤਿਹਾਸ ਵਿਚ ਬੀਤਦਾ ਆਇਆ ਹੈ। ਸਭਿਆਚਾਰਕ ਮਿਥਿਆਵਾਂ ਆਮ ਤੌਰ 'ਤੇ ਅਜੇਹੇ ਹੀ ਦਵੰਦਾਂ ਦੀ ਉਪਜ ਹੁੰਦੀਆਂ ਹਨ। ਉਪਰੋਕਤ ਰੁਝਾਨਾਂ ਵਿਚੋਂ, ਆਮ ਤੌਰ 'ਤੇ, ਲੜਾਈ, ਗੱਠਜੋੜ ਤੇ ਤਕੜੀ ਰਖਿਆ ਇਤਿਹਾਸਕ ਭੌਤਿਕਵਾਦ ਦਾ ਅੰਗ ਬਣਦੇ ਹਨ ਅਤੇ ਸਮਾਜ ਦੇ ਵਿਕਾਸ ਵਿਚ ਸਹਾਈ ਹੁੰਦੇ ਹਨ। ਇਹ ਤਿੰਨੇ ਰੁਝਾਨ ਸੰਰਚਨਾਵਾਦੀਆਂ ਨੂੰ ਫਿੱਟ ਨਹੀਂ ਬੈਠਦੇ। ਇਹੀ ਕਾਰਨ ਹੈ ਕਿ ਸੁਰਜੀਤ ਸਿੰਘ ਲੀ ਨੇ ਪੰਜਾਬ ਦੇ ਇਨਕਲਾਬੀ ਵਿਰਸੇ ਨੂੰ (ਖਾਸਕਰ ਸਿੱਖੀ ਦੇ) ਪੰਜਾਬੀ ਸਭਿਆਚਾਰ ਦੀ ਮੁਢਲੀ ਜੁਗਤ ਵਿਚ ਸ਼ਾਮਲ ਨਹੀਂ ਕੀਤਾ। ਸੰਰਚਨਾਵਾਦ, ਆਦਰਸ਼ਵਾਦ ਅਤੇ ਭੌਤਿਕਵਾਦ ਵਿਚਕਾਰ ਬੇਸ਼ਰਮ ਸਮਝੌਤੇ ਦੀ ਕੋਸ਼ਿਸ਼ ਕੀਤੀ ਹੈ। ਮੌਕਾ ਪ੍ਰਸਤੀ, ਭਗੌੜਾਪਣ ਅਤੇ ਅਹਿੰਸਾ ਨੂੰ ਇਹ ਆਧਾਰ ਬਣਾਉਂਦੇ ਨੇ। ਇਹਨਾਂ ਦਾ ਇਹ ਆਧਾਰ ਹੀ ਇਹਨਾਂ ਨੂੰ ਜੋਗੀਆਂ ਦੀ ਕਤਾਰ ਵਿਚ ਖੜਾ ਕਰਦਾ ਹੈ। ਇਸੇ ਲਈ ਜਦੋਂ ਇਹ ਸੰਰਚਨਾਵਾਦੀਏ ਆਪਣੇ ਟਿੱਲੇ 'ਤੇ ਖੜ ਕੇ ਬੂਤ ਨਾਲ ਸਬੰਧਤ ਮਿਥਿਆਵਾਂ 'ਤੇ ਨਜ਼ਰ ਮਾਰਦੇ ਹਨ ਤਾਂ ਇਹਨਾਂ ਨੂੰ ਉਥੇ ਸ਼ਿਵ ਲਿੰਗ ਤੋਂ ਸਿਵਾਏ ਹੋਰ ਕੁਝ ਨਜ਼ਰ ਹੀ ਨਹੀਂ ਆਉਂਦਾ।

ਪਟਿਆਲੇ ਦੇ ਸੰਰਚਨਾਵਾਦੀਆਂ ਨੇ ਤਾਂ ਐਸੀ ਕੜ੍ਹੀ ਘੋਲੀ ਹੈ ਕਿ ਸੰਰਚਨਾਵਾਦ ਦੀ ਹੀ ਜੱਖਣਾ ਪੱਟਤੀ। ਲੋਕਾਂ ਨੂੰ ਇਹ ਕਹਿੰਦੇ ਨੇ ਕਿ ਹਰ ਭਾਸ਼ਾ ਅਤੇ ਹਰ ਸਭਿਆਚਾਰ ਦੀ ਆਪਣੀ ਆਪਣੀ ਨਿਵੇਕਲੀ ਜੁਗਤ ਹੁੰਦੀ ਹੈ ਅਤੇ ਇਸ ਜੁਗਤ ਨੂੰ ਉਸ ਦੇ ਆਪਣੇ ਹੀ ਮਾਧਿਅਮ ਦੁਆਰਾ ਸਮਝਿਆ ਜਾ ਸਕਦਾ ਹੈ। ਪਰ ਇਹਨਾਂ ਨੂੰ ਕੋਈ ਐਸੀ ਮਾਰ ਵਗੀ ਐ, ਰੱਬ ਦੇ ਬੰਦਿਆਂ ਨੇ ਸਹੁੰ ਖਾਣ ਨੂੰ ਵੀ ਇਕ ਅਖਰ ਪੰਜਾਬੀ 'ਚ ਨਹੀਂ ਲਿਖਿਆ। (ਖੋਜ ਬੇਸ਼ਕ ਇਹ ਪੰਜਾਬੀ ਸਭਿਆਚਾਰ ਦੀ ਹੀ ਕਰਦੇ ਨੇ) ਲੋਕਾਂ ਨੂੰ ਇਹ ਕਹਿੰਦੇ ਨੇ ਕਿ ਕਿਸੇ ਸਭਿਆਚਾਰਕ ਕ੍ਰਿਤ ਦਾ ਦੂਸਰੀ ਭਾਸ਼ਾ ਵਿਚ ਉਲਥਾ ਨਹੀਂ ਹੋ ਸਕਦਾ। ਭਲਿਓ ਮਾਣਸੋ, ਤੁਸੀਂ ਉਲਥੇ ਤੋਂ ਸਿਵਾਏ ਅੱਜ ਤਕ ਕੀਤਾ ਹੀ ਕੀ ਏ!! ਖੈਰ, ਦੂਸਰੀ ਭਾਸ਼ਾ 'ਚ ਲਿਖਣਾ ਇਹਨਾਂ ਦੀ ਮਜਬੂਰੀ ਹੈ। ਵਾਸ਼ਨਾਵਾਦ ਪ੍ਰਚਾਰਨਾ ਇਹਨਾਂ ਦਾ ਮੁੱਖ ਟੀਚਾ ਹੈ। ਪੰਜਾਬੀ ਵਿਚ ਲਿੰਗ ਪ੍ਰਚਾਰ ਕਰਦੇ ਹੋਏ ਇਹਨਾਂ ਨੂੰ ਸੰਗ ਆਉਂਦੀ ਹੈ। ਇਸੇ ਕਰਕੇ ਇਹ ਆਪਣੇ 'ਧਰਮ ਪ੍ਰਚਾਰ' ਲਈ ਬੇਗਾਨੀ ਬੋਲੀ ਦਾ ਆਸਰਾ ਲੈਂਦੇ ਨੇ।

ਅਜ ਆਪਾਂ ਇਕ ਅਜੇਹੀ ਰਚਨਾ ਦਾ ਲੇਖਾ ਜੋਖਾ ਕਰਾਂਗੇ ਜਿਸ ਨੂੰ ਸੰਰਚਨਾਵਾਦੀਏ ਅੰਤਰਰਾਸ਼ਟਰੀ ਪੱਧਰ ਦੀ ਗਰਦਾਨਦੇ ਨੇ। ਇਹ ਰਚਨਾ ਹੈ, **The Fast Horse and the Ferocious River** ਇਹ ਰਚਨਾ ਸਤਿੰਦਰ ਔਲਖ ਦੇ ਪੀ. ਐਚ. ਡੀ. ਦੇ ਥੀਸਿਸ ਦਾ ਸੋਧਿਆ ਹੋਇਆ ਰੂਪ ਹੈ। (ਮੁਖ ਸੰਪਾਦਕ ਡਾ: ਹਰਜੀਤ ਸਿੰਘ ਗਿੱਲ ਹਨ) ਇਹ ਥੀਸਸ ਮਿਰਜ਼ਾ ਸਾਹਿਬਾਂ ਦੇ ਚਿਹਨ-ਵਿਗਿਆਨ ਅਧਿਐਨ ਨਾਲ ਸਬੰਧਤ ਹੈ। ਇਸ ਖੋਜ-ਪ੍ਰਬੰਧ ਦੇ ਚਾਰ ਭਾਗ ਹਨ। ਪਹਿਲੇ ਵਿਚ ਲੋਕ-ਕਥਾ ਦੀ ਪਿੱਠ-ਭੂਮੀ ਦਾ ਜ਼ਿਕਰ ਹੈ। ਦੂਸਰੇ ਵਿਚ ਮਿਰਜ਼ਾ ਸਾਹਿਬਾਂ ਦੇ ਆਪਸੀ ਵਿਰੋਧੀ ਨੂੰ ਔਰਤ ਮਰਦ ਦੇ ਰਿਸ਼ਤੇ ਰਾਹੀਂ ਸਮਝਣ ਦਾ ਯਤਨ ਕੀਤਾ ਗਿਆ ਹੈ। ਤੀਸਰੇ ਵਿਚ ਮੌਤ ਲਾੜੀ

ਨਾਲ ਵਿਆਹ ਦੀ ਚਰਚਾ ਹੈ । ਚੌਥਾ ਭਾਗ ਚਿਹਨ-ਵਿਗਿਆਨ ਨਾਲ ਸਬੰਧ ਰਖਦਾ ਹੈ ।

ਪਿੱਠ-ਭੂਮੀ ਵਾਲੇ ਅਧਿਆਏ ਵਿਚ ਲੇਖਿਕਾ ਮੱਧਕਾਲੀ ਪੰਜਾਬ ਦੀਆਂ ਲੋਕ-ਕਥਾਵਾਂ ਦੇ ਨਾਇਕਾਂ ਅਤੇ ਨਾਇਕਾਵਾਂ ਬਾਰੇ ਆਪਣਾ ਮਤ ਪੇਸ਼ ਕਰਦੀ ਹੈ : "These heroes and heroines never posed a threat to the existing social system in a serious manner. The popularity of these legends establishes this fact. A yogi is no challenge to the social morality. He just sets up a different pattern which does not pose any threat to the contemporary system"[1]

ਇਸ ਸਬੰਧ ਵਿਚ ਡਾ: ਗਿੱਲ ਦਾ ਵਿਚਾਰ ਹੈ : "The yogi prince never challenges the social system of values—the spiritual values which are meant only for him and for his likes"[2]

ਇਹਨਾਂ ਵਿਚਾਰਾਂ ਤੋਂ ਇਹ ਸਿੱਧ ਹੁੰਦਾ ਹੈ ਕਿ ਲੋਕ-ਕਥਾ ਦੇ ਬੁਨਿਆਦੀ ਤੱਤਾਂ ਨੂੰ ਸਮਝਣ ਲਈ ਵੀ ਅਣਗਹਿਲੀ ਤੋਂ ਕੰਮ ਲਿਆ ਗਿਆ ਹੈ । ਕੀ ਕਿਸੇ ਲੋਕ-ਕਥਾ ਦੀ ਲੋਕ-ਪ੍ਰਿਯਤਾ ਇਸੇ ਵਿਚ ਹੁੰਦੀ ਹੈ ਕਿ ਉਸ ਦੇ ਨਾਇਕ ਅਤੇ ਨਾਇਕਾਵਾਂ ਸਮਾਜ ਦਾ ਵਿਰੋਧ ਨਹੀਂ ਕਰਦੇ ? ਕੀ ਹੀਰ ਰਾਂਝੇ ਦੀ ਲੋਕ ਕਥਾ ਵਿਚ ਕੋਈ ਸਮਾਜਕ ਵਿਰੋਧ ਨਹੀਂ ? ਕੀ ਮਿਰਜ਼ਾ ਸ਼ੌਕੀਆ ਹੀ ਮਾਰਿਆ ਗਿਆ ?

ਹਰ ਲੋਕ-ਕਥਾ ਦਾ ਵਿਚਰਨ-ਖੇਤਰ ਸਮਾਜ ਹੁੰਦਾ ਹੈ । ਹਰ ਲੋਕ-ਕਥਾ ਸਮਾਜ ਦੀ ਕਿਸੇ ਨਾ ਕਿਸੇ ਕਦਰ ਦੇ ਵਿਰੋਧ ਵਿਚ ਉਸਰਦੀ ਹੈ । ਜੇਕਰ ਨਵੀਂ ਉਸਰੀ ਕਦਰ ਪੁਰਾਣੇ ਸਮਾਜਕ ਢਾਂਚੇ ਵਿਚ ਫਿੱਟ ਨਾ ਆ ਸਕੇ ਤਾਂ ਇਹ ਕਦਰ ਸਮਾਜ ਲਈ ਵੰਗਾਰ ਹੁੰਦੀ ਹੈ । ਇਹ ਵੰਗਾਰ ਸਮਾਜ ਅਗੇ ਨਹੀਂ ਅੜ ਸਕਦੀ । ਫਲਸਰੂਪ ਇਸ ਨਵੀਂ ਕਦਰ ਦੁਆਲੇ ਉਸਰੀ ਲੋਕ-ਕਥਾ, ਸਥਾਪਤ ਸਮਾਜ ਪ੍ਰਬੰਧ ਨੂੰ ਹੀ ਸਥਾਪਤ ਕਰਦੀ ਹੈ । ਇਹ ਉਸ ਵਿਚ ਕਿਸੇ ਪ੍ਰਕਾਰ ਦਾ ਪ੍ਰੀਵਰਤਨ ਨਹੀਂ ਕਰਦੀ । ਮੇਰਾ ਭਾਵ ਇਹ ਹੈ ਕਿ ਹਰ ਲੋਕ-ਕਥਾ ਸਮਾਜਕ ਵਿਰੋਧ ਵਿਚੋਂ ਪੈਦਾ ਹੁੰਦੀ ਹੈ ਅਤੇ ਉਸੇ ਸਮਾਜ-ਪ੍ਰਬੰਧ ਨੂੰ ਸਥਾਪਤ ਕਰਦੀ ਹੈ । ਇਕ ਹੱਥ ਤਾਂ ਲੋਕ-ਕਥਾ ਨਵੀਂ ਕਦਰ ਦੀ ਪ੍ਰਤੀਕ ਹੋਣ ਨਾਤੇ ਲੋਕ ਮਨ ਨੂੰ ਟੁੰਭਦੀ ਹੈ, ਦੂਸਰੇ ਹੱਥ ਇਸੇ ਕਦਰ ਦੇ ਹਸ਼ਰ ਦਾ ਯਥਾਰਥ ਹੋਣ ਨਾਤੇ ਸਥਾਪਤ ਸਮਾਜਕ ਪ੍ਰਬੰਧ ਨੂੰ ਸਥਾਪਤ ਕਰਦੀ ਹੈ । ਲੇਖਿਕਾ ਨੇ, ਲੋਕ-ਕਥਾ ਦੇ ਬੁਨਿਆਦੀ ਤੱਤਾਂ ਦੀ ਸਮਝ ਨਾ ਹੋਣ ਕਰਕੇ, ਇਕ ਹਵਾਈ ਜੁਗਤ ਉਸਾਰਨ ਦਾ ਯਤਨ ਕੀਤਾ ਹੈ, ਜਿਸ ਦਾ ਘੱਟੋ ਘੱਟ ਇਸ ਧਰਤੀ ਨਾਲ ਤਾਂ ਕੋਈ ਸਬੰਧ ਨਹੀਂ ਅਤੇ ਨਾ ਹੀ ਕੋਈ ਇਸ ਦਾ ਵਿਗਿਆਨਕ ਆਧਾਰ ਹੈ ।

ਦੂਸਰੇ ਅਧਿਆਏ ਵਿਚ ਲੇਖਿਕਾ ਦਾ ਵਿਚਾਰ ਬਦਲ ਜਾਂਦਾ ਹੈ : "The legend of Mirza and Sahiban has been set against the background of relations between man/woman, brother/sister, father/son, mother/daughter in the kinship structure of the mediaeval Punjab. The crucial theme in the legend is the elopement of a girl from her parent's house with her lover. So her denial to accept the laws of her family according to which the brothers and father of a girl are supposed to select a man to be her husband, brings in the wrath of the whole social system"[3]

ਵੀਹਾਂ ਸਫ਼ਿਆਂ ਦਾ ਕੀ ਬਣਿਆ ਜਿਹਨਾਂ ਵਿਚ ਲੇਖਿਕਾ ਨੇ ਇਹ ਸਿੱਧ ਕੀਤਾ ਸੀ ਕਿ ਇਹਨਾਂ ਨਾਇਕਾਂ ਅਤੇ ਨਾਇਕਾਵਾਂ ਦੀ ਆਪਣੀ ਹੀ ਦੁਨੀਆਂ ਹੁੰਦੀ ਹੈ ਤੇ ਇਹ ਸਮਾਜ ਨੂੰ ਜਾਂ



ਸਮਾਜਕ ਕਦਰਾਂ ਨੂੰ ਨਹੀਂ ਵੰਗਾਰਦੇ ? ਖ਼ੈਰ, ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਦਾ ਜੇਕਰ ਚੁਕ ਕੇ
ਪੱਲੇ ਵਿਚ ਪਾ ਲਏ ਜਾਣ । ਪਰ ਸੰਰਚਨਾਵਾਦੀਆਂ ਦਾ ਤਾਂ ਪੱਲਾ ਹੀ ਫੱਟਿਆ ਹੋਇਆ ਹੈ ।
ਇਕ ਗਲਤੀ ਨੂੰ ਦਰੁਸਤ ਕੀਤਾ ਹੈ; ਦੂਸਰੀ ਉਸ ਤੋਂ ਵੀ ਵਡੀ ਫੇਰ ਕਰ ਲਈ ਹੈ । ਇਹ
ਲੋਕ-ਕਥਾ ਦੇ ਦੂਸਰੇ ਮੁੱਖ ਲੱਛਣ ਨੂੰ ਸਮਝਣ ਵਿਚ ਕੀਤੀ ਅਣਗਹਿਲੀ ਕਾਰਨ ਹੋਈ ਹੈ ।

ਇਹ ਗਲਤੀ ਹੈ ਕਿ ਲੇਖਿਕਾ ਨੇ ਮਿਰਜ਼ਾ ਸਾਹਿਬਾਂ ਦੀ ਕਥਾ ਰਾਹੀਂ ਭਾਰਤੀ ਸਭਿਆਚਾਰ
ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ । ਹਰ ਸਭਿਆਚਾਰ ਆਪਣੀ ਮਿੱਥ ਆਪ ਉਸਾਰਦਾ ਹੈ । ਹਰ
ਕਥਾ ਉਸ ਸਭਿਆਚਾਰ ਦੇ ਰਿਸ਼ਤੇ ਨਾਤਿਆਂ ਦੇ ਪ੍ਰਤੀਕਰਮ ਨੂੰ ਪੇਸ਼ ਕਰਦੀ ਹੈ । ਮਿਰਜ਼ਾ ਸਾਹਿਬਾਂ
ਦੀ ਲੋਕ-ਕਥਾ ਦਾ ਥੀਮ ਨਿਰੋਲ ਭਾਰਤੀ ਸਭਿਆਚਾਰ ਦੀ ਉਪਜ ਨਹੀਂ । ਮਧ ਕਾਲੀਨ ਪੰਜਾਬ
ਦੀਆਂ ਸਾਰੀਆਂ ਰੋਮਾਂਚਿਕ ਕਥਾਵਾਂ ਦੇ ਥੀਮ ਤਕਰੀਬਨ ਤਕਰੀਬਨ ਬਾਹਰਲੇ ਹਨ । ਇਹਨਾਂ ਸੰਕਲਪਾਂ
ਨੂੰ ਸਥਾਨਕਤਾ ਦਾ ਰੰਗ ਵੀ ਚੜ੍ਹਿਆ ਹੋਇਆ ਹੈ । ਮਿਰਜ਼ਾ ਅਤੇ ਸਾਹਿਬਾਂ ਮੁਸਲਮਾਨੀ ਪਰਿਵ ਰ
ਨਾਲ ਸਬੰਧਤ ਹਨ । ਮੁਸਲਮਾਨਾਂ ਵਿਚ ਔਰਤ/ਮਰਦ ਦਾ ਰਿਸ਼ਤਾ ਹੋਰ ਹੈ । ਵਿਆਹ ਦੇ ਰੀਤ-
ਰਿਵਾਜ ਹੋਰ ਹਨ । ਰਿਸ਼ਤਿਆਂ ਦੀਆਂ ਕਦਰਾਂ ਵੱਖਰੀਆਂ ਹਨ । ਸਾਹਿਬਾਂ ਮਿਰਜ਼ੇ ਦੇ ਮਾਮੇ ਦੀ
ਧੀ ਹੈ । ਮੁਸਲਮਾਨਾਂ ਵਿਚ ਮਾਮੇ ਦੀ ਧੀ ਪਤਨੀ ਬਣ ਸਕਦੀ ਹੈ । ਇਸ ਵਿਚ ਕੋਈ ਰੋਕ ਨਹੀਂ ।
ਭਾਰਤੀ ਸਮਾਜ ਵਿਚ ਵਿਆਹ ਦੀ ਪਹਿਲ ਕੁੜੀ ਵਾਲੇ ਕਰਦੇ ਹਨ, ਪਰ ਮੁਸਲਮਾਨਾਂ ਵਿਚ ਇਹ
ਪਹਿਲ ਮੁੰਡੇ ਵਾਲਿਆਂ ਵਲੋਂ ਕੀਤੀ ਜਾਂਦੀ ਹੈ । ਮੁਸਲਮਾਨਾਂ ਵਿਚ ਚਾਚੇ ਦੀ ਧੀ ਵੀ ਵਿਆਹੀ
ਜਾ ਸਕਦੀ ਹੈ । ਇਸ ਲਈ ਮੁਸਲਮ ਸਮਾਜ ਵਿਚ ਭੈਣ/ਭਰਾ ਆਦਿ ਰਿਸ਼ਤੇ ਵਖਰੀ ਤਰ੍ਹਾਂ ਦੇ ਹਨ
ਤੇ ਭਾਰਤੀ ਸਭਿਆਚਾਰ ਵਿਚ ਵਖਰੀ ਤਰ੍ਹਾਂ ਦੇ ।

ਇਸ ਲੋਕ-ਕਥਾ ਨੂੰ ਇਤਿਹਾਸਕ ਭੌਤਿਕਵਾਦ ਦੀ ਸਹਾਇਤਾ ਨਾਲ ਬੜੇ ਹੀ ਆਸਾਨ ਢੰਗ
ਨਾਲ ਸਮਝਿਆ ਜਾ ਸਕਦਾ ਸੀ । ਮਧ ਕਾਲੀਨ ਪੰਜਾਬ ਵਿਚ ਇਸਲਾਮ ਨੇ ਲੋਕਾਂ 'ਤੇ ਅਸਰ ਪਾਉਣਾ
ਸ਼ੁਰੂ ਕਰ ਦਿਤਾ ਸੀ । ਪੰਜਾਬ ਦੇ ਬਹੁਤ ਸਾਰੇ ਹਿੰਦੂ ਮੁਸਲਮਾਨ ਬਣ ਗਏ ਸਨ । ਪਰ ਸਭਿਆਚਾਰਕ
ਅੰਸ਼ ਮਨ ਵਿਚ ਚਿਰ-ਸਥਾਈ ਜੀਵਤ ਰਹਿੰਦੇ ਹਨ । ਇਹਨਾਂ ਨਵ-ਸਜੇ ਮੁਸਲਮਾਨਾਂ 'ਤੇ ਹਿੰਦੂ
ਧਰਮ ਦਾ ਬਰਾਬਰ ਪ੍ਰਭਾਵ ਬਣਿਆ ਹੋਇਆ ਸੀ । ਪਰ ਇਹਨਾਂ ਦੀ ਔਲਾਦ ਵਿਚ ਮੁਸਲਮਾਨੀ
ਅੰਸ਼ ਵਧੇਰੇ ਸਨ । ਗਲ ਸਿਧੀ ਤੇ ਸਪਸ਼ਟ ਹੈ । ਮੁਸਲਮਾਨੀ ਨਿਯਮਾਂ ਅਨੁਸਾਰ ਸਾਹਿਬਾਂ ਮਿਰਜ਼ੇ ਦੀ
ਪਤਨੀ ਬਣ ਸਕਦੀ ਹੈ, ਪਰ ਹਿੰਦੂ ਸਭਿਆਚਾਰ ਅਨੁਸਾਰ ਨਹੀਂ । ਮਿਰਜ਼ਾ ਤੇ ਸਾਹਿਬਾਂ ਮੁਸਲਮਾਨੀ
ਕਦਰਾਂ ਦੇ ਪ੍ਰਤੀਕ ਨੇ ਜਦੋਂ ਕਿ ਸਾਹਿਬਾਂ ਦੇ ਮਾਪੇ ਆਪਣੇ ਮਨ ਵਿਚ ਹਿੰਦੂ ਸਭਿਆਚਾਰ ਦੇ ਅੰਸ਼
ਸਮਾਈ ਬੈਠੇ ਹਨ । ਮਿਰਜ਼ੇ ਦੀ ਮੌਤ ਹਿੰਦੂ ਸਭਿਆਚਾਰ ਨੂੰ ਸਥਾਪਤ ਕਰਦੀ ਹੈ । ਇਸ ਲੋਕ-ਕਥਾ
ਵਿਚ ਹਿੰਦੂ ਅਤੇ ਮੁਸਲਮਾਨੀ ਦੋਹਾਂ ਕਦਰਾਂ ਦਾ ਸੁਮੇਲ ਹੈ । ਇਸ ਲਈ ਇਹ ਪੰਜਾਬ ਦੇ ਹਿੰਦੂ
ਅਤੇ ਮੁਸਲਮਾਨਾਂ ਦੋਹਾਂ ਨੂੰ ਚੰਗੀਆਂ ਲਗਦੀਆਂ ਨੇ । ਸਤਿੰਦਰ ਔਲਖ ਨੇ ਸਾਰਾ ਭਾਰਤੀ ਇਤਿਹਾਸ
ਤੇ ਮਿਥਿਹਾਸ ਰਿੜਕ ਮਾਰਿਆ, ਪਰ ਉਸ ਨੂੰ ਨਾ ਤਾਂ ਮਿਰਜ਼ਾ ਸਾਹਿਬਾਂ ਦੇ ਵਿਰੋਧ ਦੀ ਹੀ ਸਮਝ ਪਈ
ਅਤੇ ਨਾ ਹੀ ਭਾਰਤੀ ਔਰਤ/ਮਰਦ ਦੇ ਸਬੰਧਾਂ ਦਾ ਕੁਝ ਹੱਥ ਪੱਲੇ ਪਿਆ । ਸੰਰਚਨਾਵਾਦੀ ਸੰਰਚਨਾ
ਦੇ ਮਾਹਿਰ ਨੇ । ਪਰ ਜਿਥੇ ਦੋ ਸੰਰਚਨਾਵਾਂ ਆਪਸ ਵਿਚ ਘੁਲ ਮਿਲ ਜਾਂਦੀਆਂ ਨੇ ਉਥੇ ਇਹਨਾਂ ਦੇ
ਕੱਤੇ ਫੇਲ੍ਹ ਹੋ ਜਾਂਦੇ ਨੇ । ਕੀ ਲੇਖਕਾ ਦਸ ਸਕਦੀ ਹੈ ਕਿ ਨਲ ਦਮਯੰਤੀ ਜਾਂ ਸ਼ਿਵ ਪਾਰਬਤੀ
ਮਿਰਜ਼ਾ ਸਾਹਿਬਾਂ ਦੇ ਵਿਰੋਧ ਨੂੰ ਸਮਝਣ ਵਿਚ ਕਿਸ ਤਰ੍ਹਾਂ ਸਹਾਈ ਹੋ ਸਕਦੇ ਨੇ ?

ਅਸਲ ਵਿਚ ਇਸ ਖੋਜ ਪੱਤਰ ਦੀ ਲੇਖਿਕਾ ਭਾਰਤੀ ਔਰਤ ਦੀ ਸਮੱਸਿਆ ਅਤੇ

ਮਿਰਜ਼ਾ ਸਹਿਬਾਂ ਦੀ ਸਮੱਸਿਆ ਦੇ ਮੂਲ ਨੂੰ ਨਹੀਂ ਪਕੜ ਸਕੀ। ਇਸ ਦਾ ਕਾਰਨ ਇਹ ਹੈ ਕਿ ਉਹ ਇਸ ਸਮੱਸਿਆ ਦੀਆਂ ਜੜ੍ਹਾਂ ਪਦਾਰਥਕ ਅਤੇ ਭੌਤਿਕ ਪ੍ਰਸਥਿਤੀਆਂ ਵਿਚੋਂ ਲੱਭਣ ਦੀ ਥਾਂ ਅਸਮਾਨ ਅਤੇ ਤਾਰਿਆਂ 'ਤੇ ਭਟਕਦੀ ਰਹੀ ਹੈ, ਜਿਸ ਦੇ ਫਲਸਰੂਪ ਔਰਤ/ਮਰਦ ਅਤੇ ਮਿਰਜ਼ਾ/ਸਾਹਿਬਾਂ ਦੇ ਮੁਢਲੇ ਦਵੰਦ ਨੂੰ ਸਮਝਣ ਵਿਚ ਬੁਰੀ ਤਰ੍ਹਾਂ ਅਸਫਲ ਰਹੀ ਹੈ।

ਇਸ ਤੋਂ ਅਗਲਾ ਅਧਿਆਇ ਮੌਤ ਲਾੜੀ ਦੇ ਵਿਆਹ ਬਾਰੇ ਹੈ। ਅਸਲ ਵਿਚ ਇਹ ਅਧਿਆਇ ਇਹਨਾਂ ਪ੍ਰੇਮੀ ਜੋੜਿਆਂ ਦੇ ਪਿਆਰ ਨੂੰ ਰੁਹਾਤਮਿਕ ਰੰਗ ਚਾੜ੍ਹਨ ਦਾ ਬੌਧਿਕ ਯਤਨ ਹੈ। ਲੇਖਿਕਾ ਦਾ ਕਥਨ ਹੈ, "Death is considered a bride, and the hero—man or woman—is supposed to marryt this death bride with all the mysterious voluptuous reverberations that this phenomenon must produce on the mental complex of the persons involved"[4]

ਉਪਰੋਕਤ ਕਥਨ ਨੂੰ ਲੇਖਕਾ ਲੰਮਾ ਚੌੜਾ ਵਿਸਥਾਰ ਦੇ ਕੇ ਵੀ ਸਪਸ਼ਟ ਨਹੀਂ ਕਰ ਸਕੀ। ਜਦੋਂ ਕਿ ਇਤਿਹਾਸਕ ਭੌਤਿਕਵਾਦ ਇਸ ਸਮੱਸਿਆ ਨੂੰ ਚਾਰ ਲਾਈਨਾਂ ਵਿਚ ਹੀ ਪੇਸ਼ ਕਰ ਸਕਦਾ ਹੈ। ਮਰਦ-ਪ੍ਰਧਾਨ ਸਮਾਜ ਦੇ ਮਰਦ ਮੌਤ ਲਾੜੀ ਨਾਲ ਪ੍ਰਨਾਏ ਜਾਂਦੇ ਹਨ ਅਤੇ ਉਸੇ ਸਮਾਜ ਦੀਆਂ ਇਸਤਰੀਆਂ ਪਤੀ ਪ੍ਰਮੇਸ਼ਵਰ ਨੂੰ ਪ੍ਰਨਾਈਆਂ ਜਾਂਦੀਆਂ ਹਨ। ਨਾਇਕਾਵਾਂ ਕਦੀ ਵੀ ਮੌਤ ਲਾੜੀ ਨਾਲ ਨਹੀਂ ਪ੍ਰਨਾਈਆਂ ਗਈਆਂ। ਸਗੋਂ ਆਪਣੇ 'ਇਸ਼ਟ' ਨੂੰ ਪਿਆਰੀਆਂ ਹੋਈਆਂ ਹਨ।

ਲੇਖਿਕਾ ਦਾ ਕਥਨ ਹੈ, "According to Waris Shah "Hir is the soul and Ranjha is the love sick human body. Bhagwan Singh, in Mirza and Sahiban, reverses the role by assigning the role of the body to Sahiban and that of mind to Mirza."[5] ਪਰ ਲੇਖਿਕਾ ਇਸ ਦਾ ਕਾਰਨ ਨਹੀਂ ਸਮਝ ਸਕੀ। ਲੇਖਿਕਾ ਨੇ ਪੀਲੂ ਅਤੇ ਭਗਵਾਨ ਸਿੰਘ ਦੇ ਕਿੱਸਿਆਂ ਨੂੰ ਆਪਣੀ ਖੋਜ ਸਮੱਗਰੀ ਵਜੋਂ ਵਰਤਿਆ ਹੈ। ਪਰ ਇਹਨਾਂ ਦੋਹਾਂ ਕ੍ਰਿਤਾਂ ਵਿਚ ਸਮੇਂ ਤੇ ਸਭਿਆਚਾਰ ਦਾ ਖੱਪਾ ਹੈ। ਇਸ ਖੱਪੇ ਨੂੰ ਮੇਟਣ ਲਈ ਮਿਥ-ਮਨੌਤਾਂ ਤੋਂ ਕੰਮ ਲਿਆ ਗਿਆ ਹੈ।

ਆਖਰੀ ਅਧਿਆਏ ਚਿਹਨ-ਵਿਗਿਆਨ ਨਾਲ ਸਬੰਧਤ ਹੈ। ਇਸ ਅਧਿਆਏ ਵਿਚ ਸੰਰਚਨਾਵਾਦੀ ਕਰਾਮਾਤਾਂ ਦੀ ਸਿਖਰ ਹੈ। ਸਭ ਤੋਂ ਪਹਿਲਾਂ ਮਿਰਜ਼ੇ ਦੇ ਘੋੜੇ ਦੀ ਵਿਆਖਿਆ ਹੁੰਦੀ ਹੈ।

"Life and death unite in the symbolism of horse. It is the cause of creation and also an instrument of death. Horse sacrifice in the Vedic period was performed in order to create the world. The sacrificial horse is compared to the Cosmos itself or pursha"[6]

ਪਰ ਭਾਰਤੀ ਸਭਿਆਚਾਰ ਵਿਚ ਬਲੀ ਦਾ ਘੋੜਾ ਕਿਤੇ ਵੀ ਵਿਸ਼ਵ ਜਾਂ ਪੁਰਸ਼ ਦੇ ਬਰਾਬਰ ਨਹੀਂ ਤੁਲਦਾ। ਬਲੀ ਦੇ ਘੋੜੇ ਦੀ ਵਿਸ਼ਵ ਜਾਂ ਵਿਸ਼ਵ ਦੇ ਸਿਰਜਣਹਾਰੇ ਪੁਰਸ਼ ਨਾਲ ਕਿਥੇ ਤੁਲਨਾ ਕੀਤੀ ਗਈ ਹੈ? ਇਸ ਦਾ ਇਤਿਹਾਸਕ ਜਾ ਮਿਥਿਹਾਸਕ, ਜ਼ਿੰਦਾ ਜਾਂ ਮੁਰਦਾ ਕੋਈ ਸਬੂਤ ਹੈ? ਸ਼ਾਇਦ ਕੋਈ ਨਹੀਂ। ਕਿਸੇ ਕਵੀ ਨੇ ਠੀਕ ਹੀ ਕਿਹਾ ਹੈ: "ਬੈਠ ਵੇ ਗਿਆਨੀ ਬੁੱਧੀ ਮੰਡਲੇ ਦੀ ਕੈਦ ਵਿਚ/ਵਲਵਲੇ ਦੇ ਸੰਗ ਸਾਡੀਆਂ ਲਗ ਗਈਆਂ ਯਾਰੀਆਂ।" ਅਜੇਹੀ ਯਾਰੀ ਨੂੰ ਤਰਕ ਦੀ ਲੋੜ ਨਹੀਂ। ਇਹ ਤਾਂ 'ਆਸਮਾਨ' ਵਿਚ ਵੀ ਨਿਭ ਸਕਦੀ ਹੈ। ਵਲਵਲੇ ਦੇ ਰਹੱਸ ਦੀ



ਅਮੀਰੀ ਦੇਖੋ: "From this sacrifice was born the whole universe, with men of all castes. Sun, Moon, Indra, Agni, Sky, earth, all birds, animals, both wild and tame, the gods and the Sandhyas"[7] ਪਰ ਇਹ ਬਲੀ ਕਿਸ ਭੜੂਏ ਨੇ ਦਿਤੀ ਸੀ? ਕਿਸ ਨੂੰ ਦਿਤੀ ਸੀ? ਬਲੀ ਪਿਛੇ ਮਨੁੱਖ ਦੀ ਕੋਈ ਲੋਚਾ ਕੰਮ ਕਰਦੀ ਹੈ। ਪਰ ਇਸ ਖੋਜ ਪੱਤਰ ਅਨੁਸਾਰ ਤਾਂ ਸਾਰਾ ਬ੍ਰਹਿਮੰਡ ਹੀ ਬਲੀ ਦੀ ਉਤਪਤੀ ਹੈ। ਇਹ ਵਿਸ਼ਵ ਉਤਪਤੀ ਦਾ ਸਿਧਾਂਤ ਕਿਹੜੇ ਤੱਥਾਂ 'ਤੇ ਆਧਾਰਤ ਹੈ?

ਇਸ 'ਧਾਰਮਿਕ' ਮੰਗਲਾਚਰਨ ਤੋਂ ਬਾਅਦ ਗੱਲ ਆਨੇ ਵਾਲੀ ਥਾਂ ਆਉਂਦੀ ਹੈ; "Horse is a sensuous animal and a symbol of sexual desire in men and gods. The voluptuous women are compared with mares and men with horses"[8] ਵੈਸੇ ਸੰਰਚਨਾਵਾਦੀਆਂ ਵਲੋਂ ਕਹੀ ਇਹ ਗਲ ਓਪਰੀ ਨਹੀਂ। ਇਹਨਾਂ ਅਨੁਸਾਰ ਸਾਨ੍ਹ ਵੀ ਵਾਸ਼ਨਾ ਦਾਂ ਪ੍ਰਤੀਕ ਹੈ। ਸੀਤਲਾ ਮਾਤਾ ਦਾ ਗਧਾ ਵੀ ਵਾਸ਼ਨਾ ਦੀ 'ਮਹਿਕ' ਖਿਲਾਰਦਾ ਹੈ। ਚਿੜਾ/ਚਿੜੀ, ਮੱਝ/ਝੋਟਾ ਸਭ ਇਹਨਾਂ ਲਈ ਵਾਸ਼ਨਾ ਦੇ ਦੁਰਲਭ ਖਜ਼ਾਨੇ ਨੇ!

ਭਾਰਤੀ ਸਭਿਆਚਾਰ ਵਿਚ ਘੋੜਾ ਵਾਸ਼ਨਾ ਦਾ ਪ੍ਰਤੀਕ ਨਹੀਂ। ਇਸ ਲਈ ਇਹਨਾਂ ਨੂੰ ਚਾਹੀਦਾ ਸੀ ਕਿ ਘੋੜੇ ਦੀ ਬਲੀ ਦੀ ਰੀਤ ਨੂੰ ਧਿਆਨ 'ਚ ਰਖਦੇ। ਅਜੇਹਾ ਕਰਨ ਨਾਲ ਦੁਨਿਆਵੀ ਸੂਝ ਵੀ ਰਹਿੰਦੀ ਅਤੇ ਤੱਥਾਂ ਦੀ ਤੋੜ ਮਰੋੜ ਵੀ ਨਾ ਕਰਨੀ ਪੈਂਦੀ। ਇਹ ਰੀਤ ਅਠਾਰਵੀਂ ਸਦੀ ਤਕ ਪ੍ਰਚਲਤ ਰਹੀ ਹੈ। ਇਸ ਦਾ ਇਕ ਦਿਲਚਸਪ ਪਹਿਲੂ ਇਹ ਹੈ ਕਿ ਜਦੋਂ ਘੋੜੇ ਨੂੰ ਸਾਹ ਘੁਟ ਕੇ ਮਾਰ ਦਿਤਾ ਜਾਂਦਾ ਸੀ ਤਾਂ ਵੱਡੀ ਰਾਣੀ ਮਰੇ ਹੋਏ ਘੋੜੇ ਨਾਲ ਸਿਧੀ ਲਿੰਗ ਛੋਹ ਕਰਦੀ ਸੀ। ਇੰਨੇ ਸਿੱਧੇ ਸਬੰਧ ਦੇ ਬਾਵਜੂਦ ਵੀ ਘੋੜਾ ਵਾਸ਼ਨਾ ਦਾ ਪ੍ਰਤੀਕ ਨਹੀਂ ਬਣਦਾ ਸਗੋਂ ਸ਼ਕਤੀ ਦਾ ਪ੍ਰਤੀਕ ਬਣਿਆ ਰਹਿੰਦਾ ਹੈ, ਕਿਉਂਕਿ ਇਸ ਛੋਹ ਦੁਆਰਾ ਸ਼ਕਤੀ ਦਾ ਪ੍ਰਯੋਜਨ ਹੁੰਦਾ ਹੈ।

ਲੇਖਿਕਾ ਨੇ ਉਪਰੋਕਤ ਵਾਸ਼ਨਾ ਦੇ 'ਸਿਧਾਂਤ' ਨੂੰ ਸਿੱਧ ਕਰਨ ਲਈ ਮੈਤਸਯ ਪੁਰਾਣ ਵਿਚੋਂ ਹਵਾਲਾ ਦਿਤਾ ਹੈ। "The Sun god takes the form of horse and pursues his wife Saranyu, who unable to stand the heat of her husband departs from his house leaving her shadow 'Chhaya' and becomes mare to avoid the eyes of the Sun.'[9]

ਇਹੋ ਜਿਹੀਆਂ ਗੱਲਾਂ ਪੜ੍ਹ ਕੇ ਤਾਂ ਇਹਨਾਂ ਸੰਰਚਨਾਵਾਦੀਆਂ ਦੀ ਚਿਹਨ-ਵਿਗਿਆਨ ਪ੍ਰਤੀ ਸਮਝ 'ਤੇ ਵੀ ਸ਼ਕ ਉਪਜਦਾ ਹੈ। ਹਰ ਪ੍ਰਤੀਕ ਦੀ ਮਹੱਤਤਾ ਉਸ ਪਿਛਲੀ psychic value ਕਰਕੇ ਹੁੰਦੀ ਹੈ। ਪ੍ਰਤੀਕ ਦਾ ਰੂਪ ਸਿਰਫ ਕਦਰ ਦੀ ਸੰਭਾਲ ਤੇ ਸੰਚਾਰ ਕਰਦਾ ਹੈ। ਇਥੇ ਸੂਰਜ ਘੋੜੇ ਦੇ ਰੂਪ ਵਿਚ ਸੰਭੋਗ ਕਰਦਾ ਹੈ। ਪਰ ਜਦੋਂ ਉਹ ਕੁੰਤੀ ਨਾਲ ਸੰਭੋਗ ਕਰਦਾ ਹੈ ਤਾਂ ਆਦਮੀ ਦਾ ਰੂਪ ਧਾਰਨ ਕਰ ਲੈਂਦਾ ਹੈ। ਸੂਰਜ ਦੇ ਆਦਮੀ ਜਾਂ ਘੋੜਾ ਬਣਨ ਨਾਲ ਉਸ ਦੀ ਪ੍ਰਤੀਕੀ ਕਦਰ (Symbolic value) ਬਦਲ ਗਈ? ਇਸ ਬੇਕਦਰੇ 'ਵਾਦ' ਨੂੰ ਕਦਰਾਂ ਦੀ ਕੀਮਤ ਨਹੀਂ। ਇਹਨਾਂ ਨੇ ਤਾਂ ਪ੍ਰਤੀਕਾਂ ਦਾ ਨਖਸੁਕ ਵਰਨਣ ਹੀ ਕਰਨਾ ਹੈ।

ਇਹ ਖੋਜ-ਪਤਰ, ਜਾਪਦਾ ਹੈ, ਲੋਰ 'ਚ ਆ ਕੇ ਲਿਖਿਆ ਗਿਆ ਹੈ? ਇਹਨਾਂ ਨੇ ਮਿਰਜ਼ੇ ਦੀ ਬੱਕੀ ਦਾ ਉਲਥਾ 'Mirza's horse' ਕੀਤਾ ਹੈ। ਪਰ ਇਹ ਗਲ ਦਰੁਸਤ ਨਹੀਂ। ਖੈਰ ਪਹੁੰਚੀਆਂ ਹੋਈਆਂ ਆਤਮਾਵਾਂ ਲਈ ਲਿੰਗ ਭੇਦ ਦਾ ਮਿਟ ਜਾਣਾ ਕੋਈ ਗੈਰ-ਸੁਭਾਵਿਕ ਗੱਲ ਨਹੀਂ! ਇਸ

ਤਰ੍ਹਾਂ ਹੁੰਦਾ ਆਇਆ ਹੈ। "ਰਾਂਝਾ ਰਾਂਝਾ ਕਰਦੀ ਨੀ ਮੈਂ ਆਪੇ ਰਾਂਝਾ ਹੋਈ।" ਪਰ ਇਹਨਾਂ ਦੇ ਅਜੇਹਾ ਕਰਨ ਨਾਲ ਸਮੱਸਿਆ ਹੋਰ ਗੁੰਝਲਦਾਰ ਬਣ ਗਈ ਹੈ। ਦੇਬੀ ਪ੍ਰਸ਼ਾਦ ਚਟੋਪਾਧਿਆਇ ਨੇ ਅਪਣੀ ਪੁਸਤਕ 'ਲੋਕਾਇਤਾ' ਵਿਚ ਵਿਸਥਾਰ ਪੂਰਵਕ ਵਿਚਾਰ ਕੀਤਾ ਹੈ ਕਿ ਭਾਰਤੀ ਸਮਾਜ ਵਿਚ ਔਰਤ ਮਰਦ ਦੇ ਸਬੰਧ ਸਮਾਜਕ ਅਤੇ ਆਰਥਕ ਪ੍ਰਸਥਿਤੀਆਂ ਦੁਆਰਾ ਕਿਵੇਂ ਬਦਲਦੇ ਆਏ ਹਨ; ਕਿਵੇਂ ਸਮਾਜਕ ਅਤੇ ਆਰਥਕ ਪ੍ਰਸਥਿਤੀਆਂ ਨੇ ਔਰਤ ਨੂੰ ਕਮਜ਼ੋਰ ਅਤੇ ਹੀਣੀ ਬਣਾ ਦਿਤਾ। ਉਪਰੋਕਤ ਅੰਤਰ ਘੋੜੇ ਅਤੇ ਘੋੜੀ ਰਾਹੀਂ ਵੀ ਪ੍ਰਤੀਬਿੰਬਤ ਹੋਇਆ ਹੈ। ਘੋੜਾ ਸ਼ਕਤੀ ਦਾ ਚਿੰਨ੍ਹ ਹੈ ਅਤੇ ਘੋੜੀ ਨੂੰ ਕਮਜ਼ੋਰ ਮੰਨਿਆ ਗਿਆ ਹੈ। ਘੋੜੇ 'ਤੇ ਚੜ੍ਹ ਕੇ ਸੂਰਮੇ ਮੈਦਾਨੇ-ਜੰਗ ਨੂੰ ਜਾਂਦੇ ਹਨ ਅਤੇ ਘੋੜੀ 'ਤੇ ਚੜ੍ਹ ਕੇ ਲਾੜੇ ਵਿਆਹੁਣ ਜਾਂਦੇ ਹਨ। ਵਿਆਹ ਨੂੰ ਸਾਡੇ ਸਮਾਜ ਵਿਚ ਬਹਾਦਰੀ ਦਾ ਕਾਰਨਾਮਾਂ ਨਹੀਂ ਗਿਣਿਆ ਗਿਆ। ਸਾਹਿਬਾਂ ਮਿਰਜ਼ੇ ਦੀ ਬੱਕੀ 'ਤੇ ਵਿਅੰਗ ਕਸਦੀ ਹੈ। ਇਥੇ ਵੀ ਝਗੜਾ ਨਵੀਆਂ ਤੇ ਪੁਰਾਣੀਆਂ ਕਦਰਾਂ ਹੈ।

ਸਮਾਜਕ ਰਿਸ਼ਤਿਆਂ ਨੂੰ ਅਖੋਂ ਪਰੋਖੇ ਕਰਨ ਕਰਕੇ ਇਹ ਜੰਡ ਅਤੇ ਜੰਡੀ ਦੇ ਭੇਦ ਨੂੰ ਵੀ ਨਹੀਂ ਸਮਝ ਸਕੇ। ਪੰਜਾਬ ਵਿਚ ਜੰਡ ਦੀ ਪੂਜਾ ਕੀਤੀ ਜਾਂਦੀ ਹੈ। ਮੁੰਡੇ ਦੇ ਵਿਆਹ ਤੋਂ ਬਾਅਦ ਜਾਂ ਮੁੰਡਾ ਜੰਮਣ ਤੋਂ ਬਾਅਦ ਜੰਡ ਨੂੰ ਬਕਰੇ ਦੀ ਬਲੀ ਦਿਤੀ ਜਾਂਦੀ ਹੈ। ਪਰ ਵਿਆਹ ਵੇਲੇ ਟੱਕ ਹਮੇਸ਼ਾ ਜੰਡੀ ਨੂੰ ਲਾਇਆ ਜਾਂਦਾ ਹੈ। ਲਾੜਾ ਜੰਡੀ ਦੁਆਲੇ ਸਤ ਗੇੜੇ ਦਿੰਦਾ ਹੈ; ਬਾਅਦ ਵਿਚ ਟੱਕ ਲਾਉਂਦਾ ਹੈ। ਸ਼ਾਇਦ ਇਸ ਦਾ ਭਾਵ ਜੰਡੀ ਨਾਲ ਫੋਕੀ ਸ਼ਾਦੀ ਕਰ ਕੇ ਛਡ ਦੇਣ ਦਾ ਹੈ ਤਾਕਿ ਸ਼ਾਦੀ 'ਚ ਆਉਣ ਵਾਲੇ ਵਿਘਨ ਦੂਸਰੀ ਸ਼ਾਦੀ ਵਿਚ ਰੋੜਾ ਨਾ ਬਣ ਸਕਣ।

ਲੇਖਿਕਾ ਨੇ ਦਰਿਆ ਪਾਰ ਕਰਨ ਦਾ ਚਿਹਨ-ਵਿਗਿਆਨ ਇਸ ਤਰ੍ਹਾਂ ਪੇਸ਼ ਕੀਤਾ ਹੈ। "Crossing the river here is the symbol of the recommencement of life signifying renewal and rebirth."[10] ਅਜੇਹਾ ਕਹਿਣਾ ਵੀ ਯਥਾਰਥਕ ਪ੍ਰਸਥਿਤੀਆਂ ਤੋਂ ਪਰ੍ਹੇ ਖਿਸਕਣ ਦੀ ਗਲ ਹੈ। ਦਰਿਆ ਜੀਵਨ ਦਾ ਪ੍ਰਤੀਕ ਹੈ। ਸਭਿਅਤਾ ਦਾ ਜਨਮ ਦਰਿਆ ਕਿਨਾਰੇ ਹੋਇਆ; ਇਸ ਲਈ ਦਰਿਆ ਸਭਿਅਤਾ ਦਾ ਵੀ ਪ੍ਰਤੀਕ ਹੈ। ਜਿਸ ਤਰ੍ਹਾਂ ਦਰਿਆ ਦੇ ਕੰਢੇ, ਦਰਿਆ ਦੇ ਵਹਿਣ ਨੂੰ ਨਿਰਧਾਰਤ ਕਰਦੇ ਹਨ ਇਸੇ ਤਰ੍ਹਾਂ ਸਮਾਜਕ ਕਦਰਾਂ ਸਮਾਜਕ ਵਹਿਣ ਨੂੰ ਨਿਰਧਾਰਤ ਕਰਦੀਆਂ ਹਨ। ਇਸ ਲਈ ਦਰਿਆ ਸਮਾਜਕ ਕਦਰਾਂ ਦਾ ਵੀ ਪ੍ਰਤੀਕ ਹੈ। ਜੀਵਨ ਦਰਿਆ ਵਿਚ ਵਹਿਣ ਲਈ, ਇਛਿਆਵਾਂ, ਕਾਮ ਲਹਿਰਾਂ ਅਤੇ ਜਜ਼ਬਾਤਾਂ ਦਾ ਪੱਕੇ ਹੋਣਾ ਜ਼ਰੂਰੀ ਹੈ। ਧਰਮ ਦੀ ਭੱਠੀ ਇਹਨਾਂ ਨੂੰ ਪਕਾਉਂਦੀ ਆਈ ਹੈ। ਜੋ ਕੱਚਾ ਲੈ ਕੇ ਤਰੂਗਾ, ਜ਼ਰੂਰ ਮਰੂਗਾ। ਸੋਹਣੀ ਦੀ ਕਹਾਣੀ ਇਹੋ ਹੈ। ਦਰਿਆ ਦਾ ਕੋਈ ਦੋਸ਼ ਨਹੀਂ। ਦਰਿਆ ਨੂੰ ਪਾਰ ਕਰਨ ਦੀ ਪ੍ਰਤੀਕੀ ਕਦਰ Social transformation ਹੈ। ਪਰ ਇਹਨਾਂ ਆਸ਼ਕਾਂ ਪਾਸ ਅਜੇਹਾ ਕਿਹੜਾ ਸਿਧਾਂਤ ਸੀ? ਮੌਤ ਤੋਂ ਬਾਅਦ ਕਾਲਪਨਿਕ ਜ਼ਿੰਦਗੀ ਨੂੰ rebirth ਨਹੀਂ ਕਿਹਾ ਜਾ ਸਕਦਾ ਅਤੇ ਨਾ ਹੀ ਕਲਪਨਾ ਯਥਾਰਥ ਦਾ ਬਦਲ ਪੇਸ਼ ਕਰ ਸਕਦੀ ਹੈ। ਪ੍ਰਤੀਕਾਂ ਦੀ ਇਸ ਤਰ੍ਹਾਂ ਵਿਆਖਿਆ ਕਰ ਕੇ ਇਹਨਾਂ ਕਹਾਣੀਆਂ ਨੂੰ ਪ੍ਰਲੋਕ ਦੀਆਂ ਬਣਾਉਣ ਦਾ ਯਤਨ ਕੀਤਾ ਗਿਆ ਹੈ। ਇਸ ਤਰ੍ਹਾਂ ਇਹਨਾਂ ਨਾਗ ਦੇ ਪ੍ਰਤੀਕ ਨੂੰ ਵੀ ਲਿੰਗ ਤਕ ਹੀ ਸੀਮਤ ਕਰ ਦਿਤਾ ਹੈ।

ਸੰਰਚਨਾਵਾਦੀ ਇਕ ਸ਼ਬਦ 'Voluptuous union' ਦੀ ਥੋਕ ਵਰਤੋਂ ਕਰਦੇ ਹਨ। ਇਹ ਯੂਨੀਅਨ ਨਰ ਅਤੇ ਮਾਦਾ ਵਿਚਕਾਰ ਹੁੰਦੀ ਹੈ। ਇਸ ਖੋਜ ਪੱਤਰ ਵਿਚ ਹੀ ਇਹ ਸ਼ਬਦ ਪੰਜਾਹ ਤੋਂ ਵੱਧ ਵਾਰ ਆਇਆ ਹੈ। ਵੈਸੇ ਤਾਂ ਅੰਗਰੇਜ਼ੀ ਦੇ ਅੰਕਲ ਵਾਂਗ ਇਸ ਦੇ ਤਾਇਆ,



ਚਾਚਾ, ਮਾਮਾ ਆਦਿ ਮਨ-ਭਾਉਂਦੇ ਅਰਥ ਕੱਢੇ ਜਾ ਸਕਦੇ ਹਨ ਪਰ ਇਸ ਦਾ ਟਕਸਾਲੀ ਅਰਥ ਲਿੰਗ ਯੂਨੀਅਨ ਹੀ ਹੈ। ਇਹ ਸ਼ਬਦ ਜਿਥੇ ਵੀ ਆਉਂਦਾ ਹੈ ਉਥੇ ਕਾਮ ਰਸ ਦੀ ਅਨਭੂਤੀ ਹੁੰਦੀ ਹੈ। ਜੇਕਰ ਇਸ ਖੋਜ-ਪੱਤਰ ਨੂੰ ਸਚਿੱਤਰ ਬਣਾਇਆ ਜਾਂਦਾ ਤਾਂ ਚੰਗਾ ਬੋਧਿਕ ਕਾਮ-ਸ਼ਾਸਤਰ ਬਣ ਸਕਦਾ ਸੀ।

ਸੋ ਹੱਥ ਰੱਸਾ, ਸਿਰੇ 'ਤੇ ਗੰਢ। ਇਸ ਖੋਜ ਪੱਤਰ ਵਿਚ ਕੋਈ ਵੀ ਗਲ ਨਵੀਂ ਨਹੀਂ। ਸਿਰਫ ਉਹੀ ਮੁਢਲੀਆਂ ਗਲਾਂ ਨੇ (ਜੋਗੀ/ਭੋਗੀ ਵਾਲੀਆਂ) ਜਿਹੜੀਆਂ ਡਾ: ਗਿੱਲ ਨੇ ਆਪਣੇ 'ਇਤਿਹਾਸਕ' ਭਾਸ਼ਨ '**ਜੇਪੁਰ ਲੈਕਚਰ**' ਵਿਚ ਕਹੀਆਂ ਹਨ। ਇਸ ਲੈਕਚਰ ਦੇ ਸਤ ਪੈਰੇ ਹਨ। ਹੁਣ ਤੱਕ ਇਹਨਾਂ ਸਤਾਂ ਪੈਰਿਆਂ 'ਤੇ ਇਕ ਇਕ ਥੀਸਿਸ ਲਿਖਿਆ ਜਾ ਚੁਕਿਆ ਹੈ। ਇਹਨਾਂ ਥੀਸਸਾਂ ਦਾ ਮਕਸਦ ਉਹਨਾਂ ਗਲਾਂ ਨੂੰ ਹੋਰ ਗੁੰਝਲਦਾਰ ਬਣਾ ਕੇ, ਭੰਬਲਭੂਸੇ ਵਿਚ ਪਾ ਕੇ, ਇਕ ਅਜੇਹਾ ਟੱਪਲਾ ਦੇਣ ਦਾ ਹੈ ਕਿ ਰਾਈ ਦਾ ਪਹਾੜ ਲਗੇ। ਵਿਦਵਾਨਾਂ ਦੀ ਭਾਸ਼ਾ ਵਿਚ ਪੇਸ਼ ਕੀਤੀ ਛੋਟੀ ਜਿਹੀ ਗੱਲ ਵੀ ਗਲਾਕ ਲਗਦੀ ਹੈ। ਲੇਖਿਕਾ ਆਪ ਮੰਨਦੀ ਹੈ : **This study corroborates and completes the thesis presented in his (Dr. Gill's Jaipur lecture on semiotics—the conceptual opposition of Shiva and Parvati and the legends of mediaeval Punjab.**"[11] ਸੁਰਜੀਤ ਲੀ ਦਾ ਮੁਢਲੀ ਜੁਗਤ ਵਾਲਾ ਗੁਗਾ ਵੀ ਇਸੇ ਸੁਰ ਵਿਚ ਹੈ।

ਮੁਕਦੀ ਗਲ ਤਾਂ ਇਹ ਹੈ ਇਹਨਾਂ ਥੀਸਿਸਾਂ ਦੁਆਰਾ ਸੰਰਚਨਾਵਾਦੀ ਪੰਜਾਬੀ ਸਾਹਿਤ ਤੇ ਸਭਿਆਚਾਰ ਦੀ ਸੇਵਾ ਨਹੀਂ ਕਰ ਰਹੇ ਸਗੋਂ ਉਲਟ ਸਭਿਆਚਾਰ (**counter culture**) ਉਸਾਰ ਰਹੇ ਹਨ। ਅਜੇਹਾ ਸਭਿਆਚਾਰ ਪੰਜਾਬੀ ਸਮਾਜ ਅਤੇ ਸਭਿਆਚਾਰ ਦੇ ਵਿਕਾਸ ਲਈ ਬਹੁਤ ਹੀ ਘਾਤਕ ਸਿੱਧ ਹੋਵੇਗਾ। ਇਸ ਲਈ ਪੰਜਾਬ ਦੇ ਸੂਝਵਾਨ ਨੌਜਵਾਨਾਂ ਦਾ ਫਰਜ਼ ਬਣਦਾ ਹੈ ਕਿ ਉਹ ਸੰਰਚਨਾਵਾਦੀਆਂ ਦੇ ਨਾਪਾਕ ਮੰਤਵਾਂ ਨੂੰ ਸਮਝਣ ਅਤੇ ਲੋਕਾਂ ਦੀ ਕਚਹਿਰੀ ਵਿਚ ਇਹਨਾਂ ਨੂੰ ਨੰਗਿਆਂ ਕਰਨ।

---

**ਹਵਾਲੇ** ਪੁਸਤਕ **The Fast Horse and the Ferocious River** ਵਿਚੋਂ ਪਹਿਲਾਂ ਹਵਾਲਾ ਨੰਬਰ ਤੇ ਬਰੈਕਟਾਂ ਵਿਚ ਸਫ਼ਾ ਹੈ :—

1 (9), 3 (25), 4 (43), 5 (44), 6 (61), 7 (62), 8 (64), 9 (64), 10 (75), 11 (Introduction) **A Phulkari from Bhatinda.** 2 (35),

---

### ਕੁਝ ਸਹਾਇਕ ਪੁਸਤਕਾਂ :—

(1) Structural Anthropology, Vol. II by Claude Levi-Strauss (2) The Uses of Structuralism by Raymond Boudon (3) PAKHA SANJAM VOI. VII (4) Poverty of Philosophy by Karl Marx (5) ਚਿੱਠੀਆਂ ਬਿਨ ਸਿਰਨਾਵਿਉਂ, ਜੀ. ਪਲੈਖਾਨੋਵ।

### ਸੇਧ ਦੀਆਂ ਜਿਲਦ-ਬੱਝੀਆਂ ਫਾਈਲਾਂ

1978 ਤੇ 1979 ਦੀਆਂ ਸੇਧ ਦੀਆਂ ਜਿਲਦ-ਬੱਝੀਆਂ ਫਾਈਲਾਂ ਲਈ ਸਾਨੂੰ ਸਿਧਿਆਂ ਲਿਖੋ। ਕੀਮਤ ਫੀ ਫਾਈਲ ਵੀਹ ਰੁਪੈ। ਰਕਮ ਮਨੀਆਰਡਰ ਦੁਆਰਾ ਭੇਜੋ ਡਾਕ ਖ਼ਰਚ ਸਾਡਾ ਹੋਵੇਗਾ।

ਡਾ: ਅਮਰ ਸਿੰਘ ਆਜ਼ਾਦ
ਡਾ: ਪਿਆਰਾ ਲਾਲ ਗਰਗ

# ਸਿਹਤ ਸੇਵਾਵਾਂ ਤੇ ਲੋਕ

ਸਾਡਾ ਸਮਾਜ ਇਕ ਜਮਾਤੀ ਸਮਾਜ ਹੈ। ਇਕ ਪਾਸੇ ਉਹ ਜਮਾਤਾਂ ਹਨ ਜੋ ਪੈਦਾਵਾਰੀ ਸਾਧਨਾਂ ਦੇ ਵਡੇ ਹਿੱਸੇ 'ਤੇ ਕਾਬਜ਼ ਹਨ ਤੇ ਦੂਜੇ ਪਾਸੇ ਉਹ ਲੋਕ ਜੋ ਪੈਦਾਵਾਰੀ ਸਾਧਨਾਂ ਤੋਂ ਵਾਂਝੇ ਹੋਣ ਕਰਕੇ ਆਪਣੀ ਮਿਹਨਤ-ਸ਼ਕਤੀ, ਸਾਧਨਾਂ ਦੇ ਮਾਲਕਾਂ ਕੋਲ ਵੇਚਣ ਲਈ ਮਜਬੂਰ ਹਨ। ਇਸ ਤਰ੍ਹਾਂ ਇਕ ਪਾਸੇ ਲੁਟੇਰੀਆਂ ਜਮਾਤਾਂ ਹਨ ਤੇ ਦੂਜੇ ਪਾਸੇ ਲੁਟੀਆਂ ਜਾਣ ਵਾਲੀਆਂ ਜਮਾਤਾਂ। ਇਹਨਾਂ ਦੋ ਵਿਰੋਧੀ ਧਿਰਾਂ ਵਿਚ ਇਕ ਨਾ ਖਤਮ ਹੋਣ ਵਾਲੀ ਕਸ਼-ਮਕਸ਼ ਚਲਦੀ ਰਹਿੰਦੀ ਹੈ ਜਿਸ ਨੂੰ ਅਸੀਂ ਜਮਾਤੀ ਲੜਾਈ ਕਹਿੰਦੇ ਹਾਂ। ਇਤਿਹਾਸ ਨੇ ਇਹ ਸਿੱਧ ਕਰ ਦਿਤਾ ਹੈ ਕਿ ਜਮਾਤੀ ਲੁਟ ਤੇ ਜਮਾਤੀ ਲੜਾਈ ਦਾ ਇਕੋ ਹੀ ਹਲ ਹੈ—ਜਮਾਤਾਂ ਦਾ ਖਾਤਮਾਂ, ਪੈਦਾਵਾਰੀ ਸਾਧਨਾਂ ਦੀ ਸਾਂਝੀ ਮਲਕੀਅਤ ਤੇ ਇਸ ਤਰ੍ਹਾਂ ਮਨੁਖ ਹਥੋਂ ਮਨੁਖ ਦੀ ਲੁਟ ਦਾ ਅੰਤ। ਪਰ ਲੋਟੂ ਜਮਾਤਾਂ ਇਤਿਹਾਸ ਦੇ ਇਸ ਸੱਚ ਨੂੰ ਟਾਲਣ ਦੀ ਹਰ ਕੋਸ਼ਿਸ਼ ਕਰਦੀਆਂ ਹਨ। ਇਸ ਮਕਸਦ ਲਈ ਉਹ ਸਮਾਜ ਦੀਆਂ ਸਾਰੀਆਂ ਸੰਸਥਾਵਾਂ ਨੂੰ ਇਸ ਢੰਗ ਨਾਲ ਚਲਾਉਂਦੀਆਂ ਹਨ ਕਿ ਉਹ ਨਾ ਸਿਰਫ ਇਸ ਪੂੰਜੀਵਾਦੀ ਢਾਂਚੇ ਨੂੰ ਕਾਇਮ ਰੱਖਣ ਸਗੋਂ ਲੁਟ-ਖਸੁਟ ਨੂੰ ਹੋਰ ਵੀ ਵਧਾਉਣ। ਇਸ ਪੱਖ ਤੋਂ ਅਸੀਂ ਸਮਾਜਕ ਸੰਸਥਾਵਾਂ ਨੂੰ ਦੋ ਹਿੱਸਿਆਂ ਵਿਚ ਵੰਡ ਸਕਦੇ ਹਾਂ : (1) ਤਸ਼ਦਦ ਦੀਆਂ ਸੰਸਥਾਵਾਂ—ਪੁਲਸ, ਫੌਜ, ਜੇਲ੍ਹਾਂ, ਕਚੱਹਿਰੀਆਂ ਤੇ ਅਫਸਰਸ਼ਾਹੀ (2) ਧੋਖੇ ਦੀਆਂ ਸੰਸਥਾਵਾਂ—ਸੰਚਾਰ, ਵਿਦਿਅਕ, ਸਭਿਆਚਾਰਕ, ਧਾਰਮਕ ਤੇ ਸਿਹਤ ਸੰਸਥਾਵਾਂ।

ਪਾਰਲੀਆਮੈਂਟ, ਅਸੈਂਬਲੀਆਂ ਤੇ ਇਸ ਤਰ੍ਹਾਂ ਦੇ ਹੋਰ ਅਦਾਰੇ ਦੋਵੇਂ ਤਰ੍ਹਾਂ ਦੇ ਹੀ ਕੰਮ ਕਰਦੇ ਹਨ।

ਇਹਨਾਂ ਰਾਜਨੀਤਕ, ਆਰਥਕ, ਸਮਾਜਕ ਤੇ ਸਭਿਆਚਾਰਕ ਸੰਸਥਾਵਾਂ ਦੇ ਕੁਲ ਜੋੜ ਨੂੰ ਅਸੀਂ ਸਟੇਟ ਜਾਂ ਰਾਜ ਕਹਿੰਦੇ ਹਾਂ। ਸਟੇਟ ਦੀਆਂ ਸਾਰੀਆਂ ਸੰਸਥਾਵਾਂ ਨੂੰ ਐਸੇ ਢੰਗ ਨਾਲ ਚਲਾਇਆ ਜਾਂਦਾ ਹੈ ਕਿ ਉਪਰੋਂ ਦੇਖਣ ਨੂੰ ਉਹ ਲੋਕਾਂ ਦੀ ਸੇਵਾ ਕਰਦੀਆਂ ਪ੍ਰਤੀਤ ਹੁੰਦੀਆਂ ਹਨ ਪਰ ਗਹੁ ਨਾਲ ਦੇਖਿਆਂ ਉਹਨਾਂ ਦਾ ਜਮਾਤੀ ਖਾਸਾ ਸਾਫ ਦਿਸ ਜਾਂਦਾ ਹੈ। ਬੁਰਜੂਆ ਸਮਾਜ ਦੀ ਹਰ ਸੰਸਥਾ 'ਤੇ ਇਹ ਗਲ ਲਾਗੂ ਹੁੰਦੀ ਹੈ ਤੇ ਸਿਹਤ ਸੰਸਥਾਵਾਂ ਵੀ ਇਸ ਤੱਥ ਤੋਂ ਪਰੇ ਨਹੀਂ। ਪਰ ਇਸ ਦਾ ਮਤਲਬ ਇਹ ਹਰਗਿਜ਼ ਨਹੀਂ ਕਿ ਸਿਹਤ ਸੰਸਥਾਵਾਂ ਦੀ ਲੋੜ ਹੀ ਨਹੀਂ। ਸੁਆਲ



ਸਿਰਫ ਇਹ ਹੈ ਕਿ ਇਹਨਾਂ ਸੰਸਥਾਵਾਂ 'ਤੇ ਕਬਜ਼ਾ ਕਿਸ ਜਮਾਤ ਦਾ ਹੈ। ਹੁਣ ਲੋਟੂ ਜਮਾਤਾਂ ਦਾ ਕਬਜ਼ਾ ਹੋਣ ਕਰਕੇ ਇਹ ਲੋਟੂ ਜਮਾਤਾਂ ਦੇ ਹਿੱਤ ਪੂਰਦੀਆਂ ਹਨ। ਤੇ ਜਦ ਇਹ ਸੰਸਥਾਵਾਂ ਮਜ਼ਦੂਰ ਜਮਾਤ ਦੇ ਕਬਜ਼ੇ ਵਿਚ ਹੋਣਗੀਆਂ ਤਾਂ ਇਹ ਲੋਕਾਂ ਦੀ ਸੇਵਾ ਲਈ ਵਰਤੀਆਂ ਜਾਣਗੀਆਂ।

ਆਓ ਦੇਖੀਏ ਕਿਵੇਂ ਇਸ ਬੁਰਜੂਆ ਸਮਾਜ ਵਿਚ ਲੋਟੂ ਜਮਾਤਾਂ ਦੇ ਕਬਜ਼ੇ ਤਹਿੱਤ ਸਿਹਤ ਸੇਵਾਵਾਂ ਦਾ ਢਾਂਚਾ ਮੁੱਖ ਤੌਰ 'ਤੇ ਕਾਬਜ਼ ਜਮਾਤਾਂ ਦੀ ਹੀ ਸੇਵਾ ਕਰਦਾ ਹੈ।

**(1) ਬੀਮਾਰੀ ਦੇ ਅਸਲੀ ਕਾਰਨਾਂ 'ਤੇ ਪਰਦਾ** : ਸਾਡੇ ਸਮਾਜ ਵਿਚ ਬਹੁਤੀਆਂ ਬੀਮਾਰੀਆਂ ਦਾ ਜ਼ੁਮੇਵਾਰ ਸਿਧੇ ਜਾਂ ਅਸਿਧੇ ਰੂਪ ਵਿਚ ਇਹ ਬੁਰਜੂਆ-ਲੈਂਡਲਾਰਡ ਸਮਾਜ ਹੈ। ਸਾਡੇ ਲੋਕ ਰੋਕੀਆਂ ਜਾ ਸਕਣ ਵਾਲੀਆਂ ਬੀਮਾਰੀਆਂ ਨਾਲ ਮਰ ਰਹੇ ਹਨ ਜਾਂ ਬੀਮਾਰ ਪਏ ਰਹਿੰਦੇ ਹਨ। (ੳ) ਸਤੱਰ ਫੀ ਸਦੀ ਬੀਮਾਰੀਆਂ ਜ਼ਿੰਦਗੀ ਦੀਆਂ ਸਿਰਫ ਚਾਰ ਸਹੂਲਤਾਂ ਮਿਲਣ ਨਾਲ ਖਤਮ ਹੋ ਜਾਣਗੀਆਂ। ਸੰਤੁਲਤ ਖੁਰਾਕ, ਪੀਣ ਵਾਲਾ ਸਾਫ ਪਾਣੀ, ਸਾਫ ਸੁਥਰਾ ਘਰ, ਅਤੇ ਮਲ ਮੂਤਰ ਦਾ ਯੋਗ ਨਿਕਾਸ। ਇਹਨਾਂ ਸਹੂਲਤਾ ਦਾ ਨਾ ਮਿਲਣਾ ਇਕ ਖਾਸ ਤਰ੍ਹਾਂ ਦੇ ਆਰਥਕ-ਰਾਜਨੀਤਕ-ਸਮਾਜਕ ਢਾਂਚੇ ਦੀ ਪੈਦਾਵਾਰ ਹੈ।

(ਅ) ਬਹੁਤ ਸਾਰੀਆਂ ਹੋਰ ਬੀਮਾਰੀਆਂ ਵਾਤਾਵਰਣ ਖਰਾਬ ਹੋਣ ਕਾਰਨ ਹੁੰਦੀਆਂ ਹਨ। ਵਾਤਾਵਰਣ ਖਰਾਬ ਕਰਨ ਦੇ ਮੁੱਖ ਸੋਮੇਂ ਹਨ—ਕਾਰਖਾਨੇ, ਮੋਟਰਾਂ ਤੇ ਪ੍ਰਮਾਣੂ ਤਜਰਬੇ। ਇਹਨਾਂ ਸਭ ਦਾ ਹਲ ਵਿਗਿਆਨੀ ਲਭ ਚੁਕੇ ਹਨ ਤੇ ਸਮਾਜਵਾਦੀ ਦੇਸ਼ਾਂ ਵਿਚ ਇਹਨਾਂ ਢੰਗਾਂ ਨੂੰ ਵਰਤ ਕੇ ਵਾਤਾਵਰਣ ਦੇ ਗੰਧਲੇਪਣ ਨੂੰ ਕਾਫੀ ਹੱਦ ਤਕ ਰੋਕਿਆ ਜਾ ਚੁਕਿਆ ਹੈ। ਪਰ ਕਿਉਂਕਿ ਪੂੰਜੀਵਾਦੀ ਦੇਸ਼ਾਂ ਵਿਚ ਸਾਰੀ ਸਮਾਜਕ ਗਤੀ ਵਿਧੀ ਦਾ ਉਦੇਸ਼ ਮੁਨਾਫਾ ਹੁੰਦਾ ਹੈ ਇਸ ਲਈ ਪੈਸਾ ਮਨੁੱਖੀ ਭਲਾਈ ਦੀ ਬਜਾਏ ਅਜਿਹੇ ਥਾਵਾਂ 'ਤੇ ਖਰਚਿਆ ਜਾਂਦਾ ਹੈ ਜਿਥੇ ਮੁਨਾਫਾ ਹੋਰ ਵਧ ਸਕੇ।

(ੲ) ਇਸੇ ਤਰ੍ਹਾਂ ਐਕਸੀਡੈਂਟ, ਹਿੰਸਾ, ਆਤਮ-ਹੱਤਿਆ, ਬਲਾਤਕਾਰ, ਨਸ਼ਿਆਂ ਦੀ ਵਰਤੋਂ ਅਤੇ ਮਾਨਸਕ ਬੀਮਾਰੀਆਂ ਆਦਿ ਸਿਧੇ ਤੌਰ 'ਤੇ ਸਰਮਾਏਦਾਰੀ ਢਾਂਚੇ ਦੀ ਪੈਦਾਵਾਰ ਹਨ। ਇਹ ਅਲਾਮਤਾਂ ਇਸ ਕਰਕੇ ਹੁੰਦੀਆਂ ਹਨ ਕਿ ਪੂੰਜੀਵਾਦੀ ਸਮਾਜ ਵਿਚ ਮਨੁਖ ਉਤੇ ਆਰਥਕ, ਰਾਜਨੀਤਕ, ਸਮਾਜਕ ਤੇ ਸਭਿਆਚਾਰਕ ਜਬਰ ਹੁੰਦਾ ਹੈ ਤੇ ਉਸ ਦੀ ਉਸਾਰੂ ਸ਼ਕਤੀ ਨੂੰ ਹਰ ਢੰਗ ਨਾਲ ਕੁਚਲਿਆ ਜਾਂਦਾ ਹੈ। ਜਦ ਕਿ ਸਮਾਜਵਾਦੀ ਦੇਸ਼ਾਂ ਵਿਚ ਜਿਥੇ ਇਸ ਤਰ੍ਹਾਂ ਦਾ ਜਬਰ ਖਤਮ ਕਰ ਦਿਤਾ ਗਿਆ ਹੈ ਇਹ ਅਲਾਮਤਾਂ ਲਗਭਗ ਖਤਮ ਹੋ ਚੁੱਕੀਆਂ ਹਨ।

ਹਰ ਇਕ ਬੀਮਾਰੀ ਨੂੰ ਪੈਦਾ ਕਰਨ ਵਾਲੇ ਬਹੁਤ ਸਾਰੇ ਕਾਰਨ ਹੁੰਦੇ ਹਨ, ਜਿਨ੍ਹਾਂ ਦੇ ਮੇਲ ਤੋਂ ਬੀਮਾਰੀ ਪੈਦਾ ਹੁੰਦੀ ਹੈ। ਇਹਨਾਂ ਵਿਚੋਂ ਬਹੁਤੇ ਸਮਾਜਕ ਤੇ ਆਰਥਕ ਢਾਂਚੇ ਦੀ ਹੀ ਪੈਦਾਵਾਰ ਹੁੰਦੇ ਹਨ। ਪਰ ਡਾਕਟਰੀ ਵਿਦਿਆ ਵਿਚ ਬੀਮਾਰੀ ਦੀ ਹੋਂਦ ਮੁੱਖ ਤੌਰ 'ਤੇ ਇਕ ਕਾਰਨ ਕਰਕੇ ਦਸੀ ਜਾਂਦੀ ਹੈ ਤੇ ਉਹ ਕਾਰਨ ਅਜੇਹਾ ਦਸਿਆ ਜਾਂਦਾ ਹੈ ਜਿਸ ਦਾ ਸਮਾਜ ਨਾਲ ਸਿੱਧਾ ਸਬੰਧ ਨਾ ਹੋਵੇ। ਜਿਵੇਂ ਕਿ ਟੀ. ਬੀ. ਦੀ ਬੀਮਾਰੀ ਬਾਰੇ ਕਿਹਾ ਜਾਂਦਾ ਹੈ ਕਿ ਇਹ ਟੀ. ਬੀ. ਦੇ ਕੀਟਾਣੂਆਂ ਕਰਕੇ ਹੁੰਦੀ ਹੈ। ਇਸ ਕਰਕੇ ਇਸ ਦੇ ਇਲਾਜ ਲਈ ਡਾਕਟਰ ਟੀ. ਬੀ. ਦੀਆਂ ਦੁਆਈਆਂ ਲੰਮੇ ਸਮੇਂ ਵਾਸਤੇ ਖਾਣ ਲਈ ਦਿੰਦੇ ਹਨ ਤੇ ਇਸ ਤਰ੍ਹਾਂ ਮਰੀਜ਼ ਠੀਕ ਹੋ ਵੀ ਜਾਂਦਾ ਹੈ। ਪਿਛਲੇ 30 ਸਾਲਾਂ ਤੋਂ ਟੀ. ਬੀ. ਦੀਆਂ ਦੁਆਈਆਂ ਥੋਕ ਵਿਚ ਵਰਤੀਆਂ ਜਾ ਰਹੀਆਂ ਹਨ। ਪਰ ਨਤੀਜਾ ਕੀ ਹੈ ? 30 ਸਾਲਾਂ ਵਿਚ ਨਾ ਤਾਂ ਬੀਮਾਰੀ ਦੀ ਦਰ ਹੀ ਘਟੀ ਹੈ (ਵਸੋਂ ਦਾ 2%) ਤੇ ਨਾ ਹੀ ਮੌਤਾਂ ਦੀ ਦਰ (5 ਤੋਂ 10 ਲੱਖ ਸਾਲਾਨਾ) ਇਸ ਤੋਂ ਉਲਟ ਕੁਝ ਦੇਸ਼ਾਂ ਵਿਚ ਟੀ. ਬੀ. ਦੀਆਂ

ਦੁਆਈਆਂ ਦੀ ਕਾਢ ਹੋਣ ਤੋਂ ਪਹਿਲਾਂ ਹੀ ਟੀ. ਬੀ. ਦੀ ਦਰ ਬੇਹੱਦ ਘਟ ਚੁਕੀ ਸੀ ਕਿਉਂਕਿ ਉਥੇ ਟੀ. ਬੀ. ਨੂੰ ਪੈਦਾ ਕਰਨ ਵਾਲੇ ਹਾਲਾਤ—ਗਰੀਬੀ, ਭੈੜੀ ਖੁਰਾਕ, ਗੰਦੇ ਘਰ, ਧੂਏਂ ਵਾਲਾ ਵਾਤਾਵਰਣ ਜਾਂ ਕੰਮ ਕਰਨ ਦੀਆਂ ਮਾੜੀਆਂ ਹਾਲਤਾਂ ਆਦਿ ਵਿਚ ਕਾਫੀ ਸੁਧਾਰ ਹੋ ਗਿਆ ਸੀ। ਚੀਨ, ਜੋ ਸਾਡੇ ਨਾਲੋਂ ਦੋ ਸਾਲ ਬਾਅਦ ਆਜ਼ਾਦ ਹੋਇਆ, ਵਿਚ ਟੀ. ਬੀ. ਦੀ ਦਰ ਬੇਹੱਦ ਘਟ ਗਈ ਹੈ ਤੇ ਉਥੇ ਟੀ. ਬੀ. ਨਾਲ ਹੁੰਦੀਆਂ ਮੌਤਾਂ ਨੂੰ ਰੋਕ ਦਿਤਾ ਗਿਆ ਹੈ। ਕਾਰਨ ਇਹ ਹੈ ਕਿ ਉਥੇ ਟੀ. ਬੀ. ਨੂੰ ਪੈਦਾ ਕਰਨ ਵਾਲੇ ਹਾਲਾਤ ਲਗਭਗ ਖਤਮ ਕਰ ਦਿਤੇ ਗਏ ਹਨ ਜਦ ਕਿ ਸਾਡੇ ਦੇਸ਼ ਵਿਚ ਇਹ ਉਵੇਂ ਹੀ ਹਨ ਜਾਂ ਸਗੋਂ ਹੋਰ ਵੀ ਮਾੜੇ ਹੋ ਗਏ ਹਨ।

ਇਸ ਤਰ੍ਹਾਂ ਸਿਹਤ ਸੰਸਥਾਵਾਂ ਰਾਹੀਂ ਟੀ. ਬੀ. ਕੰਟਰੋਲ ਪ੍ਰੋਗਰਾਮਾਂ ਅਧੀਨ ਮਰੀਜ਼ਾਂ ਵਿਚ ਟੀ. ਬੀ. ਦੇ ਕੀਟਾਣੂ ਲੱਭਣ ਤੇ ਫਿਰ ਕੀਟਾਣੂ ਮਾਰਨ ਵਾਲੀਆਂ ਦੁਆਈਆਂ ਦੇਣ 'ਤੇ ਜ਼ੋਰ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਟੀ. ਬੀ. ਦੇ ਅਸਲੀ ਕਾਰਨਾਂ ਨੂੰ ਲਕੋ ਲਿਆ ਜਾਂਦਾ ਹੈ ਜੋ ਕਿ ਸਿੱਧੇ ਤੌਰ 'ਤੇ ਲੁੱਟ ਖਸੁੱਟ 'ਤੇ ਉਸਰੇ ਸਮਾਜ ਦੀ ਪੈਦਾਵਾਰ ਹਨ।

ਹੋਰ ਵਧੇਰੇ ਸਪਸ਼ਟਤਾ ਲਈ ਆਓ ਅਸੀਂ ਮਾਨਸਿਕ ਬੀਮਾਰੀਆਂ ਦੀ ਉਦਾਹਰਣ ਲਈਏ। ਸਾਰੀਆਂ ਹੀ ਮਾਨਸਿਕ ਬੀਮਾਰੀਆਂ ਆਰਥਕ, ਸਮਾਜਕ, ਰਾਜਨੀਤਕ ਅਤੇ ਸਭਿਆਚਾਰਕ ਲੁਟ/ਜਬਰ ਤੋਂ ਪੈਦਾ ਹੁੰਦੀਆਂ ਹਨ (ਕਿਵੇਂ ? ਇਹ ਇਕ ਵੱਖਰੇ ਲੇਖ ਦਾ ਵਿਸ਼ਾ ਹੈ) ਪਰ ਐਲੋਪੈਥਕ ਮਨੋ-ਵਿਗਿਆਨਕ ਚਕਿਤਸਾ ਮਾਹਰ ਮਾਨਸਕ ਬੀਮਾਰੀਆਂ ਨੂੰ ਮਰੀਜ਼ ਦੇ ਦਿਮਾਗ ਦਾ ਨੁਕਸ ਦਸਦੇ ਹਨ। ਇਲਾਜ ? ਗੋਲੀਆਂ ਨਾਲ ਜਾਂ ਬਿਜਲੀਆਂ ਲਗਵਾ ਕੇ ਆਪਣਾ ਦਿਮਾਗ ਠੀਕ ਕਰੋ। ਤੇ ਨਾਲ ਹੀ ਉਹ ਮਰੀਜ਼ ਨੂੰ ਇਹ ਸਮਝਾਉਂਦੇ ਹਨ ਕਿ ਉਸ ਦੀ ਬੀਮਾਰੀ ਇਸ ਕਰਕੇ ਹੈ ਕਿ ਉਹ ਸਮਾਜਕ ਕਦਰਾਂ-ਕੀਮਤਾਂ ਨਾਲ ਅਡਜਸਟ ਨਹੀਂ ਕਰ ਸਕਿਆ। ਇਸ ਤਰ੍ਹਾਂ ਡਾਕਟਰ ਅਸਲੀ ਕਾਰਨਾਂ (ਜੋ ਗਲਤ ਸਮਾਜਕ ਕਦਰਾਂ ਕੀਮਤਾਂ ਹਨ) ਉਤੇ ਪਰਦਾ ਪਾਉਂਦਾ ਹੈ ਤੇ ਮਰੀਜ਼ ਨੂੰ ਹੀ ਆਪਣੀ ਬੀਮਾਰੀ ਦਾ ਜ਼ੁੰਮੇਵਾਰ ਠਹਿਰਾਉਂਦਾ ਹੈ। ਉਹ ਪੂਰੀ ਕੋਸ਼ਿਸ਼ ਕਰਦਾ ਹੈ ਕਿ ਮਰੀਜ਼ ਗਲਤ ਕਦਰਾਂ ਕੀਮਤਾਂ ਨਾਲ ਸਮਝੌਤਾ ਕਰ ਲਵੇ। ਤੇ ਬਹੁਤੇ ਮਰੀਜ਼ ਕਰ ਵੀ ਲੈਂਦੇ ਹਨ।

(2) **ਪੂੰਜੀਵਾਦ ਨੂੰ ਉਚਿਤ ਠਹਿਰਾਉਣ ਲਈ** : ਬੁਰਜੁਆ ਵਿਚਾਰਵਾਨ ਇਹ ਕਹਿੰਦੇ ਨਹੀਂ ਥਕਦੇ ਕਿ ਪੂੰਜੀਵਾਦ ਹੀ ਸਭ ਤੋਂ ਵਧੀਆ ਸਮਾਜਕ ਢਾਂਚਾ ਹੈ। ਬੁਰਜੁਆ ਸਟੇਟ ਇਸ ਝੂਠ ਨੂੰ ਲੋਕਾਂ ਦੇ ਦਿਮਾਗਾਂ ਵਿਚ ਪਾਉਣ ਲਈ ਹਰ ਵਾਹ ਲਾਉਂਦੀ ਹੈ। ਸਿਹਤ ਸੇਵਾਵਾਂ ਨੂੰ ਵੀ ਉਹ ਇਸ ਕੰਮ ਲਈ ਵਰਤਦੇ ਹਨ। ਸਿਹਤ ਦਾ ਹਰ ਪ੍ਰੋਗਰਾਮ ਐਸੇ ਢੰਗ ਨਾਲ ਚਲਾਇਆ ਜਾਂਦਾ ਹੈ ਕਿ ਦੇਖਣ ਨੂੰ ਲਗੇ ਕਿ ਸਰਕਾਰ ਲੋਕਾਂ ਦੀਆਂ ਸਿਹਤ ਸਮੱਸਿਆਵਾਂ ਬਾਰੇ ਬੇਹਦ ਫਿਕਰਮੰਦ ਹੈ। ਵਿਚੋਂ ਬਹੁਤੀ ਵਾਰੀ ਇਹਨਾਂ ਪ੍ਰੋਗਰਾਮਾਂ ਦਾ ਮਕਸਦ ਲੁਟ-ਖਸੁਟ ਨੂੰ ਕਾਇਮ ਰਖਣਾ ਤੇ ਹੋਰ ਵਧਾਉਣਾ ਹੀ ਹੁੰਦਾ ਹੈ।

**ਉਦਾਹਰਣ :** ਸਾਲ ਵਿਚ ਤਿੰਨ ਵਾਰੀ ਡੀ. ਡੀ. ਟੀ. ਸਪਰੇ ਕੀਤੀ ਜਾਂਦੀ ਹੈ। ਇਸ ਦਾ ਲੋਕਾਂ ਨੂੰ ਕਿੰਨਾ ਕੁ ਲਾਭ ਹੋਇਆ ਹੈ ਇਹ ਤਾਂ ਸਾਹਮਣੇ ਹੈ, ਪਰ ਇਸ ਨਾਲ ਬੁਰਜੁਆ ਸਰਕਾਰ ਮਲੇਰੀਆ ਕਾਬੂ ਕਰਨ ਦੀ ਚਿੰਤਾ ਦਾ ਸਬੂਤ ਹਰ ਘਰ ਵਿਚ ਜਾ ਕੇ ਹਰ ਸਾਲ ਤਿੰਨ ਵਾਰ ਦੇਣ ਦੀ ਕੋਸ਼ਿਸ਼ ਕਰਦੀ ਹੈ। ਇਸ ਦੇ ਨਾਲ ਹੀ ਵੱਡੀਆਂ ਵੱਡੀਆਂ ਕੰਪਨੀਆਂ ਦੀ ਡੀ. ਡੀ. ਟੀ. ਵੇਚਣਾ ਵੀ ਇਕ ਮਕਸਦ ਹੈ। ਤੀਜਾ ਮਕਸਦ ਹੈ ਲੋਕਾਂ ਦਾ ਵਿਸ਼ਵਾਸ ਆਪਣੇ ਆਪ ਦੀ ਬਜਾਏ ਅਫਸਰਸ਼ਾਹੀ ਢਾਂਚੇ ਉਪਰ ਤੇ ਦੁਆਈਆਂ ਉਪਰ ਬੰਨ੍ਹਾਉਣਾ। ਇਤਿਹਾਸ ਗੁਆਹ ਹੈ ਕਿ ਲੋਕਾਂ ਦੀਆਂ ਸਮਸਿਆਵਾਂ ਹਲ



ਕਰਨ ਲਈ ਲੋਕਾਂ ਦੀ ਵੱਡੇ ਪੈਮਾਨੇ ਦੀ ਸ਼ਮੂਲੀਅਤ ਬੇਹਦ ਜ਼ਰੂਰੀ ਹੁੰਦੀ ਹੈ। ਤਕਨੀਕ ਜਾਂ ਤਕਨੀਕੀ ਮ ਹਰ ਤੇ ਉਸ 'ਤੇ ਆਧਾਰਤ ਅਫਸਰਸ਼ਾਹੀ ਢਾਂਚਾ ਲੋਕਾਂ ਉਪਰ ਠੋਸ ਦਿਤਾ ਜਾਂਦਾ ਹੈ, ਕਿਉਂਕਿ ਲੋਕਾਂ ਦੀ ਲਾਮਬੰਦੀ ਤੋਂ ਤਾਂ ਬੁਰਜੁਆ ਸਰਕਾਰ ਸਦਾ ਤ੍ਰਹਕਦੀ ਹੈ। ਇਸ ਲਈ ਇਤਿਹਾਸਕ ਤੌਰ 'ਤੇ ਪਰਖੇ ਇਸ ਢੰਗ ਦੇ ਐਨ ਉਲਟ ਸਿਹਤ ਪ੍ਰੋਗਰਾਮ ਐਸੇ ਢੰਗ ਨਾਲ ਚਲਾਏ ਜਾਂਦੇ ਹਨ ਕਿ ਲੋਕਾਂ ਦਾ ਵਿਸ਼ਵਾਸ ਆਪਣੇ ਆਪ 'ਚੋਂ ਖਤਮ ਹੋ ਕੇ ਅਫਸਰਸ਼ਾਹੀ ਵਿਚ ਬੱਝੇ ਤਾਕਿ ਉਹਨਾਂ ਨੂੰ ਵਿਸ਼ਵਾਸ ਹੋ ਜਾਵੇ ਕਿ ਇਸ ਅਫਸਰਸ਼ਾਹੀ ਢਾਂਚੇ ਬਿਨਾਂ ਇਹਨਾਂ ਦਾ ਗੁਜ਼ਾਰਾ ਨਹੀਂ।

(3) **ਪੂੰਜੀਵਾਦ ਦੀ ਏਜੰਟੀ** : ਪਿੰਡ ਦੀ ਡਿਸਪੈਂਸਰੀ ਤੋਂ ਲੈ ਕੇ ਮੈਡੀਕਲ ਕਾਲਜ ਤਕ—ਸਰਕਾਰੀ ਖੇਤਰ ਵਿਚ ਤੇ ਪਿੰਡ ਵਿਚ ਬੈਠੇ ਅਣਪੜ੍ਹ ਡਾਕਟਰ ਤੋਂ ਲੈ ਕੇ ਵਡੇ ਵਡੇ ਨਰਸਿੰਗ ਹੋਮਾਂ ਤਕ—ਪ੍ਰਾਈਵੇਟ ਖੇਤਰ ਵਿਚ, ਸਾਰੇ ਹੀ ਵੱਡੇ ਵੱਡੇ ਪੂੰਜੀਪਤੀਆਂ ਦੀ ਏਜੰਟੀ ਕਰਦੇ ਹਨ। ਨਿਕੀ ਜਿਹੀ ਗੋਲੀ ਤੋਂ ਲੈ ਕੇ ਵਡੀਆਂ ਵਡੀਆਂ ਮਸ਼ੀਨਾਂ ਤਕ ਜੋ ਇਹ ਵਰਤਦੇ ਹਨ, ਬਹੁਤੀਆਂ ਅਜਾਰੇਦਾਰ ਕੰਪਨੀਆਂ ਦੀਆਂ ਬਣਾਈਆਂ ਹੋਈਆਂ ਹੁੰਦੀਆਂ ਹਨ ਜਿਨ੍ਹਾਂ ਵਿਚੋਂ ਉਹ ਕਈ ਕਈ ਗੁਣਾਂ ਮੁਨਾਫੇ ਕਮਾਉਂਦੇ ਹਨ। ਜੇ ਸਿਹਤ ਸੇਵਾਵਾਂ ਦਾ ਨਿਸ਼ਾਨਾ ਲੋਕ-ਸੇਵਾ ਹੈ ਤਾਂ ਇਹ ਅੰਨ੍ਹੇ ਮੁਨਾਫੇ ਕਿਉਂ ? ਅਜਿਹੇ ਦੇਸ਼ ਜਿਥੇ 70 ਤੋਂ 80% ਲੋਕਾਂ ਨੂੰ ਰਜਵੀਂ ਰੋਟੀ ਵੀ ਨਾ ਮਿਲਦੀ ਹੋਵੇ ਉਥੇ ਏਨੀਆਂ ਮਹਿੰਗੀਆਂ ਸਿਹਤ ਸੇਵਾਵਾਂ ਕੌਣ ਖਰੀਦ ਸਕੇਗਾ, ਇਹ ਕਿਆਸ ਲਾਉਣਾ ਕੋਈ ਔਖਾ ਨਹੀਂ।

ਅੰਨ੍ਹੇ ਮੁਨਾਫੇ ਕਮਾਉਣ ਲਈ ਇਹ ਕੰਪਨੀਆਂ ਅਨੇਕਾਂ ਕਮੀਨੇ ਢੰਗ ਵਰਤਦੀਆਂ ਹਨ। ਵੀਹ-ਵੀਹ ਸਾਲ ਤਕ ਪੇਟੈਂਟ ਰਾਈਟ ਨਾ ਦੇਣਾ, ਮਸ਼ਹੂਰੀ ਦੇ ਘਟੀਆ ਢੰਗ ਅਪਣਾ ਕੇ ਘਟੀਆ ਦਵਾਈਆਂ ਵੇਚਣਾ, ਵਿਕਰੀ ਵਧਾਉਣ ਲਈ ਹਰ ਤਰ੍ਹਾਂ ਦੀਆਂ ਰਿਸ਼ਵਤਾਂ ਦੇਣਾ ਆਦਿ ਇਹਨਾਂ ਵਿਚੋਂ ਕੁਝ ਕੁ ਹਨ।

(4) **ਕਿਰਤ ਦੀ ਲੁੱਟ ਚਲਦੀ ਰਖਣ ਲਈ** : ਪੂੰਜੀਵਾਦੀ ਢਾਂਚਾ ਕਿਰਤ ਦੀ ਲੁਟ 'ਤੇ ਆਧਾਰਤ ਹੈ। ਹਰ ਕਾਮੇ ਨੂੰ ਉਹ ਚਾਹੇ ਸਰੀਰਕ ਕੰਮ ਕਰਨ ਵਾਲਾ ਹੋਵੇ ਤੇ ਚਾਹੇ ਮਾਨਸਕ ਕੰਮ ਕਰਨ ਵਾਲਾ, ਆਪਣੀ ਮਿਹਨਤ ਦਾ ਇਕ ਹਿੱਸਾ ਪੈਦਾਵਾਰੀ ਸਾਧਨਾਂ ਦੇ ਮਾਲਕ ਨੂੰ ਦੇਣਾ ਪੈਂਦਾ ਹੈ। ਮਾਰਕਸ ਨੇ ਇਸ ਨੂੰ 'ਵਾਧੂ ਕਿਰਤ' ਕਿਹਾ ਹੈ ਜੋ ਕਿ 'ਵਾਧੂ ਕੀਮਤ' ਦਾ ਯਨੀ ਕਿ ਪੂੰਜੀਪਤੀ ਦੇ ਮੁਨਾਫੇ ਦਾ ਆਧਾਰ ਹੈ। ਜੇ ਮਜ਼ਦੂਰ ਬੀਮਾਰ ਹੋਣ ਕਰਕੇ ਕੰਮ ਨਹੀਂ ਕਰ ਸਕਦਾ ਤਾਂ ਕੁਦਰਤੀ ਗਲ ਹੈ ਕਿ ਉਹ ਆਪਣੀ 'ਵਾਧੂ ਕਿਰਤ' ਦੀ ਲੁਟ ਕਰਵਾਉਣ ਤੋਂ ਅਸਮਰਥ ਹੈ। ਇਸੇ ਕਾਰਨ ਕਰਕੇ ਪੂੰਜੀਵਾਦੀ ਸਮਾਜ ਲਈ ਮਜ਼ਦੂਰ ਦੀ ਸਿਹਤ ਦਾ ਇਕ ਹੱਦ ਤਕ ਧਿਆਨ ਰਖਣਾ ਮਜਬੂਰੀ ਬਣ ਜਾਂਦੀ ਹੈ।

ਬੁਰਜੁਆ ਸਰਕਾਰ ਸਿੱਧੇ ਤੇ ਅਸਿੱਧੇ ਟੈਕਸਾਂ ਰਾਹੀਂ ਪੈਸਾ ਤਾਂ ਸਾਰੇ ਲੋਕਾਂ ਤੋਂ ਇਕੱਠਾ ਕਰਦੀ ਹੈ, ਪਰ ਖਰਚ ਕਰਨ ਵੇਲੇ ਉਹ ਰਾਜ ਕਰਦੀਆਂ ਜਮਾਤਾਂ ਦੇ ਹਿੱਤ ਨੂੰ ਹੀ ਧਿਆਨ ਵਿਚ ਰਖਦੀ ਹੈ। ਸਿਹਤ ਸੇਵਾਵਾਂ 'ਤੇ ਖਰਚਾ ਵੀ ਐਸੇ ਢੰਗ ਨਾਲ ਕੀਤਾ ਜਾਂਦਾ ਹੈ ਕਿ ਉਹ ਵਧ ਤੋਂ ਵਧ ਸਿੱਧੇ ਜਾਂ ਅਸਿੱਧੇ ਰੂਪ ਵਿਚ ਪੂੰਜੀਪਤੀ ਵਰਗ ਦੇ ਹਿੱਤ ਪੂਰੇ ਕਰੇ।

(5) **ਸਿਹਤ ਸੰਸਥਾਵਾਂ ਰਾਹੀਂ ਤਸ਼ਦਦ** : ਲੋਟੂ ਜਮਾਤਾਂ ਸਿਹਤ ਸੰਸਥਾਵਾਂ ਰਾਹੀਂ ਲੋਕਾਂ 'ਤੇ ਤਸ਼ਦਦ ਵੀ ਕਰਦੀਆਂ ਹਨ। ਇਸ ਦੀ ਤਾਜ਼ਾ ਉਦਾਹਰਣ ਜਬਰੀ ਨਸਬੰਦੀ/ਨਲਬੰਦੀ ਹੈ। ਜਬਰੀ ਨਸਬੰਦੀ/ਨਲਬੰਦੀ ਸਰੀਰਕ ਤੇ ਮਾਨਸਕ ਤੌਰ 'ਤੇ ਗੰਭੀਰ ਨੁਕਸਾਨ ਪਹੁੰਚਾਣ ਤੋਂ

ਇਲਾਵਾ ਲੋਕਾਂ ਨੂੰ ਆਰਥਕ ਤੇ ਸਮਾਜਕ ਨੁਕਸਾਨ ਵੀ ਪਹੁੰਚਾਂਦੀ ਹੈ। ਮੌਜੂਦਾ ਹਾਲਤਾਂ ਵਿਚ ਵਡਾ ਪਰਵਾਰ ਗਰੀਬਾਂ ਦੀ ਆਰਥਕ, ਸਮਾਜਕ ਤੇ ਸਭਿਆਚਾਰਕ ਲੋੜ ਹੈ। ਪਰਵਾਰ ਦੀ ਹੋਂਦ ਨੂੰ ਕਾਇਮ ਰੱਖਣ ਲਈ ਉਹਨਾਂ ਕੋਲ ਵੱਧ ਬੱਚੇ ਪੈਦਾ ਕਰਨ ਦੇ ਸਿਵਾ ਕੋਈ ਚਾਰਾ ਹੀ ਨਹੀਂ। ਅਜਿਹੀਆਂ ਹਾਲਤਾਂ ਵਿਚ ਜੇ ਲੋਕਾਂ ਨੂੰ ਪਰਵਾਰ ਛੋਟਾ ਰੱਖਣ ਲਈ ਮਜਬੂਰ ਕੀਤਾ ਜਾਂਦਾ ਹੈ ਤਾਂ ਉਹ ਇਸ ਪਰਵਾਰ ਨੂੰ ਆਰਥਕ ਤੇ ਸਮਾਜਕ ਪੱਖੋਂ ਬੇਹੱਦ ਕਮਜ਼ੋਰ ਕਰ ਦਿੰਦਾ ਹੈ।

ਪਰ ਇਹ ਸਭ ਗੱਲਾਂ ਆਮ ਲੋਕਾਂ ਨੂੰ ਦੱਸਣ ਦੀ ਕੀ ਲੋੜ ਹੈ ?

(1) ਸਿਹਤ ਸੇਵਾਵਾਂ ਰਾਹੀਂ ਹੁੰਦੀ ਆਰਥਕ ਲੁਟ ਨੂੰ ਨੰਗਾ ਕਰਨਾ, ਇਸ ਵਿਰੁਧ ਆਵਾਜ਼ ਉਠਾਉਣਾ ਤੇ ਇਹ ਮੰਗ ਕਰਨਾ ਕਿ ਸਿਹਤ ਸੇਵਾਵਾਂ ਪੂਰਨ ਰੂਪ ਵਿਚ ਮੁਫਤ ਹੋਣ।

(2) ਰਾਜ ਕਰਦੀਆਂ ਜਮਾਤਾਂ ਰਾਹੀਂ ਬੀਮਾਰੀਆਂ ਦੇ ਅਸਲੀ ਕਾਰਨਾਂ 'ਤੇ ਪਾਏ ਪਰਦੇ ਨੂੰ ਉਠਾਉਣਾ ਤੇ ਲੋਕਾਂ ਨੂੰ ਬੀਮਾਰੀਆਂ ਦੀ ਜੜ੍ਹ ਤੋਂ ਚੇਤੰਨ ਕਰਨਾ ਕਿਉਂਕਿ ਚੇਤੰਨ ਲੋਕੀਂ ਸਮਾਜਕ ਤਬਦੀਲੀ ਦਾ ਆਧਾਰ ਹੁੰਦੇ ਹਨ।

(3) ਲੋਕਾਂ ਨੂੰ ਇਸ ਗਲੋਂ ਚੇਤੰਨ ਕਰਨਾ ਕਿ ਪੂੰਜੀਵਾਦੀ ਢਾਂਚਾ ਨਾ ਸਿਰਫ ਸਮੱਸਿਆਵਾਂ ਨੂੰ ਹੱਲ ਹੀ ਨਹੀਂ ਕਰਦਾ ਸਗੋਂ ਹਲ ਹੋਣ ਵਿਚ ਇਕ ਭਾਰੀ ਅੜਚਨ ਵੀ ਹੈ। ਇਸਤੋਂ ਵੀ ਵਧ ਇਹ ਢਾਂਚਾ ਬਹੁਤ ਸਾਰੀਆਂ ਬੀਮਾਰੀਆਂ ਖੁਦ ਪੈਦਾ ਕਰਦਾ ਹੈ। ਇਸ ਲਈ ਇਸ ਢਾਂਚੇ ਨੂੰ ਤੋੜੇ ਬਿਨਾਂ ਲੋਕਾਂ ਨੂੰ ਚੰਗੀ ਸਿਹਤ ਦੇਣ ਦਾ ਸੁਪਨਾ ਸਾਕਾਰ ਹੋ ਹੀ ਨਹੀਂ ਸਕਦਾ।

(4) ਸਿਹਤ ਸੰਸਥਾਵਾਂ ਰਾਹੀਂ ਹੁੰਦੇ ਤਸ਼ੱਦਦ ਵਿਰੁਧ ਲੋਕਾਂ ਨੂੰ ਚੇਤੰਨ ਕਰਨਾ ਤੇ ਜੱਥੇਬੰਦ ਕਰਨਾ।

ਨੋਟ :—ਉਪਰ ਲਏ ਸਾਰੇ ਨੁਕਤਿਆਂ ਨੂੰ ਸਪਸ਼ਟ ਕਰਨ ਲਈ ਵਿਸਥਾਰ ਦੀ ਲੋੜ ਹੈ। ਅਗਲੇ ਲੇਖਾਂ ਵਿਚ ਇਕੱਲੇ ਇਕੱਲੇ ਨੁਕਤੇ ਨੂੰ ਵਿਸਥਾਰ ਨਾਲ ਲਿਆ ਜਾਵੇਗਾ।

---

**Bhagwan Josh**

**COMMUNIST MOVEMENT IN PUNJAB (1926-47)**

**The only book of its kind on the subject...factual, analytical...at places showing brilliant insight into what-has-been and what-could-have-been the communist movement in the Punjab and for that matter, in India.** Hardbound, pages 220, Price : Rs. 60

**Order your copy to Anupma Publications, 80 Banarsi Dass Bldg, Gandhi Nagar, Delhi-31. or to SEDH, A-42, Defence Colony, N.Delhi-24**

⊙

*** ਸਾਹਿਤ ਦੀ ਸਮਝ**

ਕਿਸ਼ਨ ਸਿੰਘ ਦੇ ਤਿੰਨ ਵਿਦਵਤਾ-ਭਰਪੂਰ ਲੇਖਾਂ ਦਾ ਸੰਗ੍ਰਹਿ—ਯਥਾਰਥਵਾਦ, ਆਲੋਚਨਾ ਤੇ ਸਾਹਿਤ ਦੀ ਸਮਝ। ਇਹ ਪੁਸਤਕ ਸਾਹਿਤ-ਪ੍ਰੇਮੀਆਂ ਅਤੇ ਐਮ. ਏ ਤਕ ਦੇ ਵਿਦਿਆਰਥੀਆਂ ਲਈ ਬੇਮਿਸਾਲ ਪੁਸਤਕ ਹੈ। ਸਫ਼ੇ 340, ਪੱਕੀ ਜਿਲਦ, ਸਿਰਫ਼ ਲਾਇਬਰੇਰੀ ਐਡੀਸ਼ਨ;
ਮੁੱਲ : ਪੰਦਰਾਂ ਰੁਪੈ।





ਰਣਜੀਤ ਸਿੰਘ

## ਬੇਰੀ ਵਾਲਾ ਪੁੱਲ

[ਪਿਛਲੇ ਮਹੀਨੇ ਅਸੀਂ **ਸੇਧ** ਵਿਚ ਪੰਜਾਬੀ ਦੇ ਜਾਣੇ-ਪਛਾਣੇ ਕਹਾਣੀਕਾਰ ਜਸਵੰਤ ਸਿੰਘ ਵਿਰਦੀ ਦੀ ਰਚਨਾ ਦਿੱਤੀ ਸੀ। ਇਸ ਵਾਰ ਅਸੀਂ ਜਾਣਬੁਝ ਕੇ ਇਕ ਅਜਿਹੇ ਕਹਾਣੀਕਾਰ ਦੀ ਕਹਾਣੀ ਦੇ ਰਹੇ ਹਾਂ ਜੀਹਦੇ ਨਾਲ ਪਾਠਕਾਂ ਦੀ ਕੋਈ ਬਹੁਤੀ ਜਾਣ-ਪਛਾਣ ਨਹੀਂ। ਇਹ ਕਹਾਣੀ ਲੇਖਕ ਦੀ ਹੀ ਨਹੀਂ ਸਗੋਂ ਸਾਡੀ ਕਹਾਣੀ ਦੀ ਸਮਰਥਾ-ਸੰਭਾਵਨਾ ਨੂੰ ਵੀ ਉਜਾਗਰ ਕਰਦੀ ਹੈ।

ਇਸ ਕਹਾਣੀ ਦੀ ਇਕ ਵਿਸ਼ੇਸ਼ਤਾ ਇਸ ਵਿਚ ਰਵਾਇਤੀ ਅਰਥਾਂ ਵਿਚ ਕਿਸੇ ਨਾਇਕ ਦਾ ਨਾ ਹੋਣਾ ਹੈ। ਨਾਇਕ ਬੇਰੀ ਵਾਲੇ ਪੁੱਲ ਨੂੰ ਸਮਝ ਲਵੋ, ਮੇਜਰ ਦਾਸ ਨੂੰ ਸਮਝ ਲਵੋ ਜਾਂ ਸੂਬੇਦਾਰ ਪ੍ਰੀਤ ਸਿੰਘ ਅਤੇ ਉਹਦੇ ਨਾਲ ਗਏ ਦੋ ਸਿਪਾਹੀਆਂ ਨੂੰ ਜਾਂ ਕਿਸੇ ਵੀ ਹੋਰ ਨੂੰ! ਪਰ ਇਸ ਕਹਾਣੀ ਦਾ ਨਾਇਕ ਤਾਂ ਅਸਲ ਵਿਚ ਮਨੁੱਖੀ ਜਜ਼ਬਾ ਹੈ! ਤੇ ਖਲਨਾਇਕ ਹੈ ਜੰਗ !!

ਇਸ ਕਹਾਣੀ ਦੀ ਦੂਜੀ ਵਿਸ਼ੇਸ਼ਤਾ ਇਹਦਾ ਵਿਸ਼ਾ ਹੈ—ਦੋ ਦੇਸਾਂ ਵਿਚਕਾਰ ਜੰਗ। ਸਾਡੇ ਪੰਜਾਬ ਨੇ ਅਤੇ ਪੰਜਾਬੀਆਂ ਨੇ ਕਈ ਵੱਡੀਆਂ ਅਤੇ ਛੋਟੀਆਂ ਜੰਗਾਂ ਦੀਆਂ ਪੀੜਾਂ ਸਹੀਆਂ ਹਨ। ਪਰ ਅਜੀਬ ਗੱਲ ਹੈ ਕਿ ਉਹਨਾਂ ਨੂੰ ਸਾਹਿਤ ਵਿਚ ਰੂਪਮਾਨ ਨਹੀਂ ਕੀਤਾ। (ਹੋਰ ਤਾਂ ਹੋਰ, ਅਸੀਂ ਭਗਤ ਸਿੰਘ ਬਾਰੇ, ਜੋ ਸਾਡਾ ਸਭ ਦਾ ਨਾਇਕ ਹੈ, ਵੀ ਕੋਈ ਗਿਣਨਜੋਗ ਸਾਹਿਤਕ ਰਚਨਾ ਨਹੀਂ ਕੀਤੀ।) ਇਸ ਛੋਟੀ ਜਿਹੀ ਕਹਾਣੀ ਵਿਚ ਲੇਖਕ ਨੇ ਝੜੱਪ ਤੋਂ ਪਹਿਲਾਂ ਦਾ, ਝੜੱਪ ਦੇ ਸਮੇਂ ਦਾ ਅਤੇ ਝੜੱਪ ਤੋਂ ਮਗਰੋਂ ਦਾ ਦ੍ਰਿਸ਼ ਬੜੀ ਸਫਲਤਾ ਨਾਲ ਚਿਤਰਿਆ ਹੈ।

ਸ਼ਹਿਰ ਵਿਚ ਅਫੜਾ-ਤਫੜੀ ਪੈਣੋਂ ਰੋਕਣ ਲਈ ਰੱਖੇ ਗਏ ਫੌਜੀ ਅਫਸਰਾਂ ਦੇ ਪਰਵਾਰਾਂ ਅਤੇ ਇਲਾਕੇ ਦੇ ਚੋਣਵੇਂ ਬੰਦਿਆਂ ਸਮੇਤ ਹੋ ਰਹੀ ਸ਼ਰਾਬ-ਪਾਰਟੀ ਨਾਲ ਕਹਾਣੀ ਦਾ ਆਰੰਭ ਹੁੰਦਾ ਹੈ। ਪਾਰਟੀ ਵਾਲੀ ਥਾਂ ਉਤੇ ਤੰਬੂ ਵੀ ਤਣਿਆ ਹੋਇਆ ਹੈ, ਪਰ ਅਸਲ ਤੰਬੂ ਨਿਸਚਿਤ-ਅਨਿਸਚਿਤ ਜੰਗ ਦਾ ਹੈ ਜੋ ਸਾਰੇ ਮਾਹੌਲ ਉਤੇ ਤਣਿਆ ਹੋਇਆ ਹੈ! ਸਿਵਲੀਅਨ ਕੋਈ ਗੱਲ ਜਾਣਨਾ ਚਾਹੁੰਦੇ ਹਨ। ਅਫ਼ਸਰ ਉਹੋ ਹੀ ਗੱਲ ਕਹਿਣਾ ਚਾਹੁੰਦੇ ਹਨ, ਪਰ ਹੌਲੀ ਹੌਲੀ!

ਮਾਰਕਸਵਾਦ ਜੰਗਾਂ ਨੂੰ ਦੋ ਕਿਸਮਾਂ ਵਿਚ ਵੰਡਦਾ ਹੈ—ਨਿਆਈਂ ਅਤੇ ਅਨਿਆਈਂ। ਨਿਆਈਂ ਜੰਗਾਂ ਹਮਲਾਵਰੀ ਤੋਂ, ਗ਼ੁਲਾਮੀ ਤੋਂ, ਲੁੱਟਚੋਂਘ ਤੋਂ ਛੁਟਕਾਰਾ ਪਾਉਣ ਲਈ ਲੜੀਆਂ ਜਾਂਦੀਆਂ ਹਨ ਅਤੇ ਅਨਿਆਈਂ ਜੰਗਾਂ ਲੋਟੂ ਜਮਾਤਾਂ ਦਾ ਗ਼ਲਬਾ ਪੱਕਾ ਕਰਨ ਲਈ ਤੇ ਦੂਜਿਆਂ ਦੇ ਇਲਾਕੇ ਹਥਿਆਉਣ ਲਈ ਕੀਤੀਆਂ ਜਾਂਦੀਆਂ ਹਨ। ਲੋਕਾਂ ਦਾ ਘਾਣ ਪਹਿਲੀ ਕਿਸਮ ਦੀ ਜੰਗ ਵਿਚ ਉਹਨਾਂ ਦੇ ਆਪਣੇ ਮੰਤਵ ਦੀ ਪ੍ਰਾਪਤੀ ਲਈ ਹੁੰਦਾ ਹੈ ਤੇ ਕੁਰਬਾਨੀ ਹੋ ਨਿਬੜਦਾ ਹੈ। ਪਰ ਦੂਜੀ ਕਿਸਮ ਦੀ ਜੰਗ ਵਿਚ ਲੋਕ ਬਲੀ ਦੇ ਬਕਰੇ ਬਣਦੇ ਹਨ। ਉਹਨਾਂ ਨੂੰ ਆਪਣੇ ਅੰਦਰਲੀ ਮਨੁੱਖਤਾ ਦਬਾ ਕੇ ਅਣਮਨੁੱਖੀ ਕਰਮ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ। ਵੈਰੀ ਨੂੰ ਉਹ ਮਾਰਦੇ ਵੀ ਹਨ ਅਤੇ ਉਹਦੀ ਦੇਹ ਨੂੰ ਉਹ ਸਲਾਮ ਵੀ ਕਰਦੇ ਹਨ! ਬੇਰੀ ਵਾਲਾ ਪੁੱਲ ਜੋ ਸੇਮ ਨਾਲੀ ਦੇ ਦੋਵਾਂ ਪਾਸਿਆਂ ਨੂੰ ਜੋੜਨ ਲਈ ਉਸਰਿਆ ਹੋਇਆ ਹੈ, ਵੰਡ ਦੀ ਨਿਸ਼ਾਨੀ ਬਣਿਆ ਪਿਆ ਹੈ। ਪਰ ਪੁੱਲ

ਤਾਂ ਪੁੱਲ ਹੈ, ਜੰਗ ਪਿਛੋਂ ਵੀ ਸਲਾਮਤ ਰਹਿਣ ਵਾਲਾ !

ਵਿਸ਼ੇ ਦੇ ਨਿਵੇਕਲੇਪਣ ਤੋਂ ਇਲਾਵਾ ਵਰਨਣਜੋਗ ਗੱਲ ਉਹਦੇ ਨਿਭਾਅ ਦੀ ਹੈ । ਲੇਖਕ ਅਜਿਹੀਆਂ ਜੰਗਾਂ ਦੀ ਨਿਰਾਰਥਕਤਾ ਅਤੇ ਨਿਹਫਲਤਾ ਦਰਸਾਉਣ ਵਿਚ ਅਤੇ ਮਨੁੱਖੀ ਜਜ਼ਬੇ ਦੀ ਪਰਬਲਤਾ ਉਜਾਗਰ ਕਰਨ ਵਿਚ ਸਫਲ ਰਿਹਾ ਹੈ ।

—ਪਾਰਖੂ]

**ਨੂਰਪੁਰ** ਇਕ ਛੋਟਾ ਜਿਹਾ ਸਰਹਦੀ ਸ਼ਹਿਰ ਹੈ । ਇਕ ਪਾਸੇ ਕੁੱਲ ਸੱਤ-ਅੱਠ ਮੀਲ ਦੀ ਵਿਥ ਉਤੇ ਇਕ ਸੇਮ ਨਾਲੀ ਵਗਦੀ ਹੈ । ਸੇਮ ਨਾਲੀ ਦਾ ਪੱਛਮੀ ਕੰਢਾ ਜ਼ਮੀਨ ਦੀ ਸਤਾਹ ਦੇ ਬਰਾਬਰ ਹੈ । ਪੂਰਬੀ ਕੰਢਾ ਜ਼ਮੀਨ ਦੇ ਆਮ ਪੱਧਰ ਤੋਂ ਅਠਾਰਾਂ-ਵੀਹ ਫੁੱਟ ਉੱਚਾ ਹੈ । ਇਸ ਉਚੇ ਕੰਢੇ ਵਿਚ ਫੌਜੀ ਮੋਰਚੇ ਹਨ ਜੋ ਇਸ ਸੇਮ ਨਾਲੀ ਦੇ ਪਾਰ ਖੁਲ੍ਹੇ ਘਾਹੀ ਮੈਦਾਨ ਵੱਲ ਟਿਕਟਿਕੀ ਲਾਈਂ ਰਖਦੇ ਹਨ । ਆਰ-ਪਾਰ ਇਕ ਪੁੱਲ ਹੈ । ਇਸ ਪੁੱਲ ਨੂੰ ਬੇਰੀ ਵਾਲਾ ਪੁੱਲ ਕਹਿੰਦੇ ਹਨ । ਨੂਰਪੁਰ ਦੇ ਪੂਰਬ ਵਲ ਇਕ ਛੋਟੀ ਜਿਹੀ ਫ਼ੌਜੀ ਛਾਉਣੀ ਹੈ । ਇਸ ਛਾਉਣੀ ਦੇ ਚਾਰੇ ਪਾਸੇ ਖੁਲ੍ਹੇ ਖੇਤ ਹਨ । ਇਹ ਖੇਤ ਬਹੁਤੇ ਤਾਂ ਸ਼ਹਿਰ ਦੇ ਅਮੀਰ ਸੇਠਾਂ ਦੇ ਹਨ, ਪਰ ਕੁਝ ਜ਼ਿਮੀਦਾਰਾਂ ਦੇ ਅਤੇ ਕੁਝ ਛੋਟੇ ਕਿਸਾਨਾਂ ਦੇ ਵੀ ਹਨ ।

ਇਸ ਛੋਟੀ ਜਿਹੀ ਛਾਉਣੀ ਦੇ ਫ਼ੌਜੀ ਅਫ਼ਸਰਾਂ ਦੇ ਮੈੱਸ ਦੇ ਬਾਹਰ ਖੁਲ੍ਹੀ ਥਾਂ ਵਿਚ ਅਲਾਉ ਬਲ ਰਹੇ ਸਨ । ਹੇਠਾਂ ਕੱਚਿਆਂ ਕੋਲਿਆਂ ਦੀ ਅੱਗ; ਉਪਰ ਇਕ ਟੇਢੇ ਹੈਂਡਲ ਵਾਲੀ, ਦੋਹੀਂ ਪਾਸੀਂ ਲਕੜੀ ਦੀਆਂ ਬੱਲੀਆਂ ਉਤੇ ਅੜੀ ਇਕ ਮੋਟੀ ਸੀਖ ਘੁਮਾਈ ਜਾ ਰਹੀ ਸੀ । ਇਸ ਸੀਖ ਵਿਚ ਪਰੋਇਆ ਪੂਰੇ ਦਾ ਪੂਰਾ ਸੂਰ ਘੁੰਮ ਰਿਹਾ ਸੀ । ਕੋਲ ਇਕ ਮੇਜ਼ ਉਤੇ ਅੰਬਚੂਰ, ਨਿੰਬੂ, ਮਿਰਚ-ਮਸਾਲਾ ਤੇ ਖ਼ਾਲੀ ਪਲੇਟਾਂ ਪਈਆਂ ਸਨ । ਚਾਰੇ ਪਾਸੇ ਕਨਾਤ । ਕਨਾਤ ਵਿਚ ਕੁਰਸੀਆਂ ਅਤੇ ਕੁਰਸੀਆਂ ਉਤੇ ਬੈਠੇ ਸਨ ਫ਼ੌਜੀ ਅਫ਼ਸਰ, ਉਹਨਾਂ ਦੀਆਂ ਬੀਵੀਆਂ, ਕੁਝ ਬੱਚੇ ਅਤੇ ਸ਼ਹਿਰ ਤੇ ਨਾਲ ਲਗਦੇ ਪਿੰਡਾਂ ਤੋਂ ਆਏ ਫ਼ੌਜੀਆਂ ਦੇ ਮਹਿਮਾਨ । ਤੇਜ਼ ਧਾਰ ਜਿਹੀ ਕਰੀਜ਼ ਵਾਲੇ ਸੂਟ, ਧਾਰੀਦਾਰ ਟਾਈਆਂ, ਚਮਕੀਲੇ ਬੂਟ, ਰੰਗਬਰੰਗੀਆਂ ਸਾੜ੍ਹੀਆਂ, ਸਜੇ ਹੋਏ ਕੇਸ-ਜੂੜੇ, ਚਮਕਦੇ ਚਿਹਰੇ ਤੇ ਇਹਨਾਂ ਉਪਰ ਬਲਦੇ ਅਲਾਉ ਦੇ ਸੁਰਖ ਪਰਛਾਵੇਂ ਸਨ ! ਵਿਸਕੀ, ਸੋਡਾ, ਬੀਅਰ, ਨਾ ਪੀਣ ਵਾਲਿਆਂ ਲਈ ਸਾਫ਼ਟ ਡਰਿੰਕਸ, ਭੁਜਿਆ ਗੋਸ਼ਤ, ਕਬਾਬ, ਟਿੱਕੇ ਲੈ ਕੇ ਬਹਿਰੇ ਘੁੰਮ ਰਹੇ ਸਨ ।

ਮੌਸਮ ਸੁਹਾਵਣਾ ਸੀ । ਚਹਿਲ ਪਹਿਲ ਸੀ । ਹੱਥਾਂ ਵਿਚ ਗਲਾਸ ਲਈ ਫ਼ੌਜੀ ਅਫ਼ਸਰ ਆਪਣੇ ਦੋਸਤਾਂ, ਖ਼ਾਸ ਕਰਕੇ ਸ਼ਹਿਰ ਤੇ ਨਾਲ ਦੇ ਪਿੰਡਾਂ ਤੋਂ ਆਏ ਮਹਿਮਾਨ ਦੋਸਤਾਂ ਵਿਚ ਘੁੰਮ ਰਹੇ ਹਨ । ਹਲਕੇ ਹਲਕੇ ਮਜ਼ਾਕ, ਚੁਟਕਲੇ, ਬੱਚਿਆਂ ਦੀ ਚਹਿਚਹਾਹਟ ਅਤੇ ਔਰਤਾਂ ਦੀਆਂ ਧੀਮੀਆਂ ਧੀਮੀਆਂ ਗੱਲਾਂ...ਵਿਚ ਕਦੀ ਕਦੀ ਹਾਸਿਆਂ ਦੀ ਖਣਖਣਾਹਟ ਉਭਰਦੀ ਸੀ ।

ਇਹ ਸਭ ਕੁਝ ਸੀ । ਪਰ ਕੁਝ ਹੋਰ ਵੀ ਸੀ । ਕਦੀ ਕਦੀ ਮਹਿਸੂਸ ਹੁੰਦਾ ਜਿਵੇਂ ਔਰਤਾਂ ਆਪਣੇ ਆਦਮੀਆਂ ਨੂੰ ਕੁਝ ਵਧੇਰੇ ਹੀ ਨੀਝ ਲਾ ਕੇ ਦੇਖ ਰਹੀਆਂ ਹੋਣ । ਬੱਚੇ ਆਪਣੇ ਪਿਤਾ ਨਾਲ ਚੰਬੜਦੇ, ਕਹਿਣ ਅਤੇ ਝਿੜਕਣ ਉਤੇ ਵੀ ਉਹਨਾਂ ਦੇ ਹੱਥ ਨਹੀਂ ਸਨ ਛੱਡਦੇ ।

ਅਲਾਉ ਬਲ ਰਹੇ ਸਨ । ਕੱਚਿਆਂ ਕੋਲਿਆਂ ਦੀ ਅੱਗ । ਮੋਟੀ ਸੀਖ ਵਿਚ ਪ੍ਰੋਇਆ ਪੂਰੇ ਦਾ ਪੂਰਾ ਸੂਰ ਘੁੰਮ ਰਿਹਾ ਸੀ । ਦੌਰ ਚੱਲ ਰਹੇ ਸਨ । ਠਹਾਕੇ 'ਤੇ ਠਹਾਕਾ ।

ਮਿਸਿਜ਼ ਵਧਵਾ ਮਿਸਿਜ਼ ਗਿੱਲ ਨੂੰ ਪੁੱਛ ਰਹੀ ਸੀ, ''ਤੁਹਾਨੂੰ ਤੇ ਕੁਝ ਪਤਾ ਹੋਏਗਾ । ਕੋਈ ਖ਼ਤਰਾ ਤੇ ਨਹੀਂ ?''

ਮਿਸਿਜ਼ ਗਿੱਲ ਕਹਿ ਰਹੀ ਸੀ, ''ਨਹੀਂ, ਕੋਈ ਅਜਿਹੀ ਗੱਲ ਨਹੀਂ । ਗਿੱਲ ਸਾਹਿਬ ਨਾਲ



ਮੇਰੀ ਅੱਜ ਹੀ ਗੱਲ ਹੋਈ ਹੈ । ਕਹਿੰਦੇ ਸਨ ਕਿ ਡਰਨ ਵਾਲੀ ਕੋਈ ਗੱਲ ਨਹੀਂ ।''

ਸ੍ਰੀਮਤੀ ਚੌਹਾਨ ਲੈਫ਼ਟੀਨੈਂਟ ਚੋਪੜਾ ਨੂੰ ਇਕ ਪਾਸੇ ਲੈ ਗਈ ਸੀ । ਲੈਫ਼ਟੀਨੈਂਟ ਚੋਪੜਾ ਉਹਨੂੰ ਦੱਸ ਰਿਹਾ ਸੀ ਕਿ ਉਸ ਦੇ ਵਿਆਹ ਦੀ ਤਾਰੀਖ਼ ਮਿਥ ਲਈ ਗਈ ਸੀ । ਉਸ ਆਪਣੀ ਦੁਲਹਣ ਆਪ ਚੁਣੀ ਸੀ । ਬਹੁਤ ਖ਼ੂਬਸੂਰਤ ਸੀ ।

ਸ੍ਰੀਮਤੀ ਚੌਹਾਨ ਕੀ ਜਾਣਨਾ ਚਾਹੁੰਦੀ ਸੀ । ਲੈਫ਼ਟੀਨੈਂਟ ਚੋਪੜਾ ਕੀ ਦੱਸ ਰਿਹਾ ਸੀ । ਸ੍ਰੀਮਤੀ ਚੌਹਾਨ ਨੇ ਲੈਫ਼ਟੀਨੈਂਟ ਚੋਪੜਾ ਦੀ ਗੱਲ ਕਟਦਿਆ ਕਿਹਾ, ''ਮੁਆਫ਼ ਕਰਨਾ, ਚੋਪੜਾ ਸਾਹਿਬ, ਮੇਰਾ ਮਤਲਬ ਸੀ ਕਿ ਜੇ ਕੋਈ ਅਜਿਹੀ ਗੱਲ ਹੋਏ...''

''ਨਹੀਂ ਨਹੀਂ !...ਇਹ ਦੇਖੋ ਨਾ ਤੁਹਾਡੀ ਪਲੇਟ ਖ਼ਾਲੀ ਹੋ ਗਈ ਹੈ । ਤੁਸੀਂ ਕੀ ਪਸੰਦ ਕਰੋਗੇ—ਕਬਾਬ ਲਿਵਰ ਜਾਂ ਪੋਰਕ ਰੋਸਟ ?'' ਲੈਫ਼ਟੀਨੈਂਟ ਚੋਪੜਾ ਗੱਲ ਬਦਲ ਗਿਆ ਸੀ ।

ਮੇਜਰ ਦਾਸ ਸਰਦਾਰ ਇੰਦਰ ਸਿੰਘ ਅਤੇ ਸੇਠ ਮਦਨ ਲਾਲ ਦੇ ਨਾਲ ਖੜਾ ਸੀ । ਮੇਜਰ ਦਾਸ ਨੇ ਕਿਹਾ, ''ਤੁਹਾਡਾ ਸ਼ਹਿਰ ਬਹੁਤ ਸੁਹਣਾ ਹੈ । ਛੋਟਾ ਜਿਹਾ, ਸਾਰੇ ਘਰ ਆਪਣੇ । ਸਾਫ਼-ਸੁਥਰਾ ।''

''ਜੇ ਸਾਨੂੰ ਦੇ ਭੇੜ ਵਿਚ ਨਾ ਆ ਜਾਏ ।'' ਸਰਦਾਰ ਇੰਦਰ ਸਿੰਘ ਦੀ ਟਿਪਣੀ ਸੀ ।

''ਗਲਾਸ ਖ਼ਾਲੀ ਕਰ ਕੇ ਮੇਜ਼ ਉਤੇ ਰਖਦਿਆਂ ਸੇਠ ਮਦਨ ਲਾਲ ਨੇ ਕਿਹਾ, ''ਸ਼ਹਿਰ ਖੰਡਰ ਬਣਦਿਆਂ ਕਿੰਨੀ ਕੁ ਦੇਰ ਲਗਦੀ ਹੈ । ਵੀਰਾਨ ਤੇ ਭਾਵੇਂ ਇਹ ਕਲ੍ਹ ਹੀ ਹੋ ਜਾਏ !''

ਸਰਦਾਰ ਬਚਿੱਤਰ ਸਿੰਘ ਕਰਨਲ ਸ਼ਮਸ਼ੇਰ ਦੇ ਪਿਛਲੇ ਸਾਲ ਵਿਚ ਕਾਫ਼ੀ ਨਜ਼ਦੀਕ ਆ ਗਿਆ ਸੀ । ਪਿਛਲੀਆਂ ਸਰਦੀਆਂ ਉਹ ਬਾਰਡਰ ਦੇ ਨਾਲ ਲਗਦੇ ਛੰਭਾਂ ਵਿਚ ਮੁਰਗਾਬੀਆਂ ਦਾ ਸ਼ਿਕਾਰ ਖੇਡਦੇ ਰਹੇ ਸਨ । ਸਾਰੀਆਂ ਗਰਮੀਆਂ ਉਹ ਸ਼ਿਕਾਰ ਕੀਤੇ ਜਾਂਦੇ ਤਿੱਤਰਾਂ ਦਾ ਵੰਡ-ਵੰਡਾਰਾ ਕਰਦੇ ਰਹੇ ਸਨ । ਅੱਜ ਸਰਦਾਰ ਬਚਿੱਤਰ ਸਿੰਘ ਕੁਝ ਪੁੱਛਣ ਦੀ ਕੋਸ਼ਿਸ਼ ਕਰ ਰਿਹਾ ਸੀ । ਉਸ ਕਰਨਲ ਸ਼ਮਸ਼ੇਰ ਨੂੰ ਕਿਹਾ, ''ਸਾਡਾ ਮਾਲ-ਡੰਗਰ, ਨੌਕਰ-ਚਾਕਰ ਸਭ ਸਾਡੇ ਆਸਰੇ ਹੁੰਦੇ ਹਨ । ਝਟੋ-ਪਟੀ ਵਿਚ ਨਿਕਲਣਾ ਪੈ ਜਾਏ, ਕੋਈ ਡੰਗਰ ਕਿੱਲੇ ਬੱਝਾ, ਭੁੱਖਾ-ਤਿਹਾਇਆ ਮਰ ਜਾਏ, ਜੱਟ ਲਈ ਬੜਾ ਸਰਾਪ ਹੁੰਦਾ ਹੈ । ਜੇ ਤੁਸੀਂ ਕਹੋ ਤਾਂ...''

ਕਰਨਲ ਸ਼ਮਸ਼ੇਰ ਨੇ ਕਿਹਾ, ''ਓ ਨਹੀਂ, ਸਰਦਾਰ ਸਾਹਿਬ ! ਜੇ ਕੋਈ ਅਜਿਹਾ ਖ਼ਤਰਾ ਹੋਵੇ ਤਾਂ ਅਸੀਂ ਤੁਹਾਨੂੰ ਦੱਸ ਨਾ ਦਈਏ । ਨਾਲੇ ਇਹ ਦੇਖੋ ਨਾ, ਅਲਾਉ ਬਲ ਰਹੇ ਹਨ । ਕਬਾਬ ਭੁੱਜ ਰਿਹਾ ਹੈ । ਤੁਹਾਡਾ ਗਲਾਸ ਬੜੀ ਦੇਰ ਤੋਂ ਖ਼ਾਲੀ ਨਹੀਂ ਹੋਇਆ । ਲਓ ਨਾ ।''

ਇਹ ਕਹਿੰਦਾ ਕਰਨਲ ਸ਼ਮਸ਼ੇਰ ਸਰਦਾਰ ਬਚਿੱਤਰ ਸਿੰਘ ਨੂੰ ਵਿਸਕੀ ਵਾਲੇ ਮੇਜ਼ ਵਲ ਲੈ ਗਿਆ । ਗਲਾਸ ਭਰ ਕੇ ਵਾਪਸ ਮੁੜਦਾ ਹੋਇਆ ਮਿਸਿਜ਼ ਦਾਸ ਕੋਲ ਆ ਕੇ ਖਲੋ ਗਿਆ । ਉਸ ਮੇਜਰ ਦਾਸ ਵਲ ਦੇਖਿਆ । ਉਹ ਮੁਸਕਾਇਆ । ਕਰਨਲ ਸ਼ਮਸ਼ੇਰ ਨੇ ਮਿਸਿਜ਼ ਦਾਸ ਦੇ ਕੰਨ ਵਿਚ ਕੁਝ ਕਿਹਾ । ਉਸ ਜ਼ਰਾ ਨਾਂਹ-ਨੁੱਕਰ ਕੀਤੀ, ਪਰ ਜਲਦੀ ਹੀ ਹੱਸ ਕੇ ਮੰਨ ਗਈ । ਕਰਨਲ ਸ਼ਮਸ਼ੇਰ ਨੇ ਤਾੜੀ ਮਾਰ ਕੇ ਸਾਰਿਆਂ ਦਾ ਧਿਆਨ ਆਪਣੇ ਵਲ ਖਿਚਿਆ ਤੇ ਕਿਹਾ, ''ਅੱਜ ਦੀ ਸ਼ਾਮ ਦੀ ਆਖਰੀ ਆਈਟਮ ਮਿਸਿਜ਼ ਦਾਸ ਇਕ ਪੰਜਾਬੀ ਲੋਕ ਗੀਤ ਸੁਣਾਉਣਗੇ ।''

ਮਿਸਿਜ਼ ਦਾਸ ਬਹੁਤ ਵਧੀਆ ਗਾਉਂਦੀ ਸੀ । ਪਰ ਪੰਜਾਬੀ ਗੀਤ ? ਮਿਸਿਜ਼ ਦਾਸ ਨੇ ਗਲਾ ਸਾਫ਼ ਕੀਤਾ ਅਤੇ ਗੀਤ ਗਾਇਆ :

ਸੱਸ ਕੁੱਟਣੀ ਟਰੰਕਾਂ ਦੇ ਉਹਲੇ,
ਨਿੰਮ ਦਾ ਲਿਆ ਦੇ ਘੋਟਣਾ !

ਬੰਗਾਲੀ ਲਹਿਜਾ ਤੇ ਪੰਜਾਬੀ ਗੀਤ। ਮਿਸਿਜ਼ ਦਾਸ ਜਦੋਂ "ਕੁੱਟਣੀ" ਤੇ "ਘੋਟਨਾ" ਦੁਹਰਾਉਂਦੀ, ਗੀਤ ਦੀ ਲੈਅ ਵਿਚ ਭਿਜੇ ਸਰੋਤੇ ਚਹਿਕ ਉਠਦੇ।

ਪਾਰਟੀ ਖ਼ਤਮ ਹੋ ਰਹੀ ਸੀ। ਕੈਪਟਨ ਚੋਪੜਾ ਸ੍ਰੀਮਤੀ ਚੌਹਾਨ ਨੂੰ ਕਹਿ ਰਿਹਾ ਸੀ, "ਕੁਝ ਦਿਨਾਂ ਲਈ ਬੱਚਿਆਂ ਨੂੰ ਉਹਨਾਂ ਦੇ ਨਾਨਕੇ ਭੇਜ ਦਿਓ। ਛੁੱਟੀਆਂ ਹੀ ਤਾਂ ਹਨ।"

ਮਿਸਿਜ਼ ਗਿੱਲ ਨੇ ਸ੍ਰੀਮਤੀ ਵਧਵਾ ਨੂੰ ਜੱਫੀ ਵਿਚ ਲੈ ਲਿਆ ਤੇ ਕਿਹਾ, "ਤੁਹਾਨੂੰ ਕੀ ਡਰ ਹੈ। ਕਾਰ ਵਿਚ ਪੈਟਰੋਲ ਭਰਵਾ ਰਖੋ। ਲੋੜ ਪਈ ਤੇ ਨਿਕਲਦਿਆਂ ਕਿਹੜੀ ਦੇਰ ਲਗਦੀ ਹੈ।"

ਕਰਨਲ ਸ਼ਮਸ਼ੇਰ ਨੇ ਸਰਦਾਰ ਬਚਿੱਤਰ ਸਿੰਘ ਨੂੰ ਕਿਹਾ, "ਦੇਖੋ, ਕਿਸੇ ਦਾ ਨਾਂ ਲੈਣ ਦੀ ਲੋੜ ਨਹੀਂ। ਜੋ ਤੁਸੀਂ ਕਰੋਗੇ ਉਹੀ ਲੋਕ ਕਰਨਗੇ। ਕੁਛ ਦਿਨਾਂ ਵਾਸਤੇ ਮਾਲ-ਡੰਗਰ ਜ਼ਰਾ ਕਿਸੇ ਹਟਵੇਂ ਪਿੰਡ ਭੇਜ ਦਿਓ।"

ਰਾਤੋ-ਰਾਤ ਫ਼ੌਜੀ ਅਫ਼ਸਰਾਂ ਦੇ ਪਰਵਾਰ ਪਿਛੇ ਭੇਜ ਦਿਤੇ ਗਏ। ਸ਼ਹਿਰ ਵਿਚੋਂ ਜੋ ਜ਼ਿਆਦਾ ਕਾਹਲੇ ਸਨ, ਨਿਕਲ ਗਏ। ਜਿਨ੍ਹਾਂ ਦਾ ਬਾਹਰ ਕੋਈ ਇੰਤਜ਼ਾਮ ਨਹੀਂ ਸੀ, ਨਿਕਲਣ ਦਾ ਵਕਤ ਟਾਲਦੇ ਰਹੇ। ਸ਼ਾਮ ਦਾ ਵੇਲਾ ਸੀ। ਨ੍ਹੇਰਾ ਪੂਰੀ ਤਰ੍ਹਾਂ ਫੈਲਿਆ ਨਹੀਂ ਸੀ। ਇਕ ਤੋਪ ਚਲਣ ਦੀ ਆਵਾਜ਼ ਆਈ। ਫੇਰ ਦੂਸਰੀ ਦੀ। ਫੇਰ ਦੁਪਾਸੀਂ ਗੋਲਾਬਾਰੀ ਸ਼ੁਰੂ ਹੋ ਗਈ। ਏਧਰਲੀ ਛਾਉਣੀ ਸ਼ਹਿਰ ਦੇ ਪਿਛੇ ਸੀ। ਉਹ ਸ਼ਹਿਰ ਦੇ ਪਿਛੋਂ ਗੋਲੇ ਛੱਡ ਰਹੀ ਸੀ। ਉਹਨਾਂ ਦਾ ਤੋਪਖ਼ਾਨਾ ਸ਼ਹਿਰ ਦੇ ਦੂਜੇ ਪਾਸੇ ਸੀ। ਦੋਹਾਂ ਪਾਸਿਆਂ ਦੇ ਗੋਲੇ ਸ਼ਹਿਰ ਦੇ ਉਪਰੋਂ ਲੰਘਦੇ ਸਨ। ਹਵਾ ਦੀ ਰਗੜ ਨਾਲ ਸੁਰਖ਼ ਹੋਏ ਗੋਲੇ ਟੁਟਦੇ ਤਾਰਿਆਂ ਵਾਂਗ ਆਸਮਾਨ ਉਤੇ ਇਕ ਪਾਸਿਉਂ ਦੂਜੇ ਪਾਸੇ ਜਾਂਦੇ ਨਜ਼ਰ ਆਉਂਦੇ ਸਨ। ਗੋਲੇ ਡਿਗਣ ਦਾ ਡਰ ਜੇ ਭਾਜੜਾਂ ਨਾ ਪਾ ਦਿੰਦਾ, ਲੋਕ ਕੋਠਿਆਂ ਉਤੇ ਚੜ੍ਹ ਕੇ ਇਹ ਆਤਸ਼ਬਾਜ਼ੀ ਦੇਖਦੇ।

ਸ਼ਹਿਰ ਪਹਿਲਾਂ ਹੀ ਤਿਆਰ ਬੈਠਾ ਸੀ। ਨਿਕਲਦਿਆਂ ਕੀ ਦੇਰ ਲਗਣੀ ਸੀ। ਸ਼ਹਿਰ ਪਲਾਂ ਵਿਚ ਖ਼ਾਲੀ ਹੋ ਗਿਆ। ਟਰੈਕਟਰ, ਟਰਾਲੀਆਂ, ਟਰੱਕਾਂ, ਬੱਸਾਂ, ਕਾਰਾਂ ਵਾਲੇ ਚੱਕਰ ਉਤੇ ਚੱਕਰ ਲਾ ਕੇ ਲੋਕਾਂ ਨੂੰ ਗੋਲਿਆਂ ਦੀ ਹੱਦ ਤੋਂ ਬਾਹਰ ਛੱਡ ਕੇ ਫਿਰ ਸ਼ਹਿਰ ਆ ਕੇ ਪਿਛੇ ਰਹਿ ਗਏ ਲੋਕਾਂ ਨੂੰ ਕੱਢ ਕੇ ਲੈ ਗਏ ਸਨ।

ਸ੍ਰ: ਇੰਦਰ ਸਿੰਘ ਦੇ ਖੇਤ ਸ਼ਹਿਰ ਦੇ ਨਾਲ ਲਗਦੇ ਸਨ। ਸੜਕ ਦੇ ਇਕ ਪਾਸੇ ਛਾਉਣੀ ਸੀ ਤੇ ਦੂਸਰੇ ਪਾਸੇ ਉਹਨਾਂ ਦੇ ਖੇਤ। ਕਪਾਹ ਖਿੜ ਰਹੀ ਸੀ। ਵੈਸੇ ਸ਼ਹਿਰ ਵਿਚ ਵੀ ਚੱਕਰ ਲਾਣਾ ਪੈਂਦਾ ਸੀ। ਪੁਲਿਸ ਪਹਿਰਾ ਤਾਂ ਕਾਫ਼ੀ ਸੀ। ਪਰ ਫਿਰ ਵੀ ਘਰ ਲੁਟੇ ਜਾਣ ਦੀਆਂ ਖ਼ਬਰਾਂ ਆ ਜਾਂਦੀਆਂ ਸਨ। ਵੈਸੇ ਵੀ ਜੰਗ ਦੇ ਸਥਾਨਕ ਮੁਹਾਜ਼ ਬਾਰੇ ਜਾਣਕਾਰੀ ਲੈਣ ਦੀ ਉਤਸੁਕਤਾ ਰਹਿੰਦੀ ਸੀ। ਉਹ ਰੋਜ਼ ਆਪਣੇ ਖੇਤ ਆ ਜਾਂਦੇ। ਕਦੀ ਸ਼ਹਿਰ ਵਿਚ ਘਰ-ਘਾਟ, ਜਿੰਦੇ ਬੂਹੇ ਦੇਖਣ ਚਲੇ ਜਾਂਦੇ ਅਤੇ ਨ੍ਹੇਰਾ ਪੈਣ ਤੋਂ ਪਹਿਲਾਂ ਹੀ ਆਪਣੇ ਡੇਰੇ ਉਤੇ ਆ ਜਾਂਦੇ। ਇਸੇ ਤਰ੍ਹਾਂ ਇਕ ਸ਼ਾਮ ਮੁੜ ਹੀ ਰਹੇ ਸਨ, ਕਿ ਮੇਜਰ ਦਾਸ ਮਿਲ ਪਿਆ। ਰੈਕੀ ਕਰਕੇ ਆ ਰਿਹਾ ਸੀ। ਉਸ ਕਿਹਾ, "ਅੱਜ ਰੁਕ ਜਾਓ। ਪਿਛੇ ਸੁਨੇਹਾ ਭੇਜ ਦਿਓ। ਕੁਝ ਦੇਰ ਬੈਠਾਂਗੇ। ਦਾਰੂ-ਸ਼ਾਰੂ ਛਕਾਂਗੇ।"

ਉਹਨਾਂ ਦੇਰ ਹੋ ਜਾਣ ਉਤੇ ਫ਼ਿਕਰ ਨਾ ਕਰਨ ਦਾ ਸੁਨੇਹਾ ਨਾਲ ਆਏ ਬੰਦਿਆਂ ਵਿਚੋਂ ਇਕ ਹੱਥ ਭੇਜ ਦਿਤਾ। ਮੇਜਰ ਦਾਸ ਨੂੰ ਆਪਣੇ ਨਾਲ ਟਿਊਬ-ਵੈੱਲ ਉਤੇ ਲੈ ਆਏ। ਕਾਫ਼ੀ ਦੇਰ ਵਿਸਕੀ ਪੀਂਦੇ, ਹਸਦੇ-ਖੇਡਦੇ, ਗੱਪਾਂ ਮਾਰਦੇ ਰਹੇ। ਉਹਨਾਂ ਨੂੰ ਪਤਾ ਸੀ ਕਿ ਸਾਡੇ ਫਰੰਟ ਉਤੇ ਉਹ ਕੁਝ ਅੱਗੇ ਵਧੇ ਸਨ। ਉਹਨਾਂ ਨੇ ਬੇਰੀ ਵਾਲੇ ਪੁੱਲ ਉਤੇ ਕਬਜ਼ਾ ਕਰ ਲਿਆ ਸੀ। ਸੇਮ ਨਾਲੀ



ਉਤੇ ਮੈਗੀਨਾਟ ਲਾਈਨ ਜਿਹੀ ਮਜ਼ਬੂਤ ਕਿਲ੍ਹੇਬੰਦੀ ਸੀ। ਫਿਰ ਇਹ ਕਬਜ਼ਾ ਉਹਨਾਂ ਨੇ ਕਿਵੇਂ ਕਰ ਲਿਆ! ਮੇਜਰ ਦਾਸ ਹੱਸਣ ਲੱਗ ਪਿਆ। ਉਸ ਕਿਹਾ, "ਪਤਾ ਹੀ ਨਹੀਂ ਲੱਗਿਆ। ਉਹ ਚਾਦਰੇ ਬੰਨ੍ਹੀਂ, ਦਾੜ੍ਹੀ ਮੁੱਛਾਂ ਲਾ ਕੇ, ਸਿਰਾਂ ਉਤੇ ਘਾਹ ਦੀਆਂ ਪੰਡਾਂ ਚੁਕੀਂ ਪੁੱਲ ਪਾਰ ਕਰਨ ਲਈ ਆ ਗਏ। ਸਾਡੇ ਸੰਤਰੀਆਂ ਸਮਝਿਆ, ਨਾਲ ਲਗਦੇ ਪਿੰਡਾਂ ਵਾਲੇ ਮਾਲ ਵਾਸਤੇ ਚਾਰਾ ਲਿਆਏ ਹਨ। ਪੁੱਲ ਉਤੇ ਆ ਕੇ ਉਹਨਾਂ ਨੇ ਪੰਡਾਂ ਸੁਟ ਦਿੱਤੀਆਂ ਅਤੇ ਵਿਚੋਂ ਸਟੇਨ-ਗੰਨਾਂ ਕੱਢ ਲਈਆਂ। ਪੁੱਲ ਉਹਨਾਂ ਦੇ ਹੱਥ ਆ ਗਿਆ। ਉਹਤੋਂ ਅੱਗੇ ਉਹ ਵਧ ਨਹੀਂ ਸਕੇ।"

ਏਨਾ ਕਹਿ ਕੇ ਉਹ ਇਕ ਪਲ ਲਈ ਚੁੱਪ ਕਰ ਗਿਆ। ਉਸ ਗੱਲ ਬਦਲ ਲਈ। ਕਾਫ਼ੀ ਦੇਰ ਤਕ ਉਹ ਆਪਣੇ ਘਰ ਦੀਆਂ ਗੱਲਾਂ ਕਰਦਾ ਰਿਹਾ। ਵਿਚ ਵਿਚ ਉਹ ਕਈ ਵਾਰ ਆਪਣੇ ਬੋਝੇ ਵਿਚੋਂ ਆਪਣੀ ਪਤਨੀ ਅਤੇ ਬੱਚਿਆਂ ਨਾਲ ਖਿਚਾਈ ਆਪਣੀ ਤਸਵੀਰ ਕਢ ਕੇ ਦੇਖਦਾ ਅਤੇ ਉਹਨਾਂ ਬਾਰੇ ਕੋਈ ਸ਼ਰਾਰਤੀ ਜਿਹਾ ਫਿਕਰਾ ਆਖ ਕੇ ਫਿਰ ਰੱਖ ਲੈਂਦਾ। ਅੱਧੀ ਰਾਤ ਬੀਤੇ ਉਹ ਛਾਉਣੀ ਵਲ ਚਲਿਆ ਗਿਆ ਅਤੇ ਸ੍ਰ: ਇੰਦਰ ਸਿੰਘ ਪਿਛੇ ਪਰਤ ਆਏ।

ਦੂਸਰੇ ਦਿਨ ਜਦੋਂ ਸਰਦਾਰ ਇੰਦਰ ਸਿੰਘ ਸ਼ਹਿਰ ਜਾਣ ਲਈ ਛਾਉਣੀ ਕੋਲੋਂ ਲੰਘ ਰਹੇ ਸਨ ਤਾਂ ਇਕ ਵਾਕਫ਼ ਜਵਾਨ ਤੋਂ ਪਤਾ ਲਗਿਆ ਕਿ ਸਵੇਰੇ ਮੇਜਰ ਦਾਸ ਸ਼ਹੀਦੀ ਪਾ ਗਿਆ ਸੀ। ਉਹਨਾਂ ਨੇ ਆਗਿਆ ਮੰਗੀ। ਕਰਨਲ ਸ਼ਮਸ਼ੇਰ ਨੇ ਉਹਨਾਂ ਨੂੰ ਅੰਦਰ ਬੁਲਾ ਲਿਆ। ਇਕ ਬੈਂਚ ਉਤੇ ਚਿੱਟੇ ਕਪੜੇ ਵਿਚ ਵਲ੍ਹੇਟਿਆ ਮੇਜਰ ਦਾਸ ਪਿਆ ਸੀ। ਕਰਨਲ ਸ਼ਮਸ਼ੇਰ ਨੇ ਦਸਿਆ ਕਿ ਬੇਰੀ ਵਾਲੇ ਪੁੱਲ ਦਾ ਚਲਿਆ ਜਾਣਾ ਬਰਗੇਡੀਅਰ ਸਾਹਿਬ ਨੂੰ ਬਹੁਤ ਨਾ-ਗਵਾਰ ਮਹਿਸੂਸ ਹੋਇਆ ਸੀ। ਉਹਨਾਂ ਨੇ ਹੁਕਮ ਦਿਤਾ ਸੀ ਕਿ ਜਿਵੇਂ ਹੋਏ ਇਸ ਪੁੱਲ ਨੂੰ ਵਾਪਸ ਲਿਆ ਜਾਏ। ਅਫ਼ਸਰਾਂ ਦੀ ਕਾਨਫਰੰਸ ਵਿਚ ਮੇਜਰ ਦਾਸ ਨੇ ਪਹਿਲਾ ਹਮਲਾ ਕਰਨ ਦਾ ਬੀੜਾ ਚੁਕਿਆ। ਉਹ ਜਾਣਦਾ ਸੀ ਕਿ ਪੁੱਲ ਦੇ ਉਰਲੇ ਪਾਸੇ ਛੁਪ ਕੇ ਅਗਾਂਹ ਵਧਣ ਲਈ ਲੋੜੀਂਦੀ ਉਤਾਰ-ਚੜ੍ਹਾਈ ਜ਼ਮੀਨ ਵਿਚ ਨਹੀਂ ਸੀ। ਜੰਗਲ-ਬੂਟਿਆਂ ਦੀ ਅਣਹੋਂਦ ਵਿਚ ਅਚੇਤ ਹਮਲਾ ਕੀਤੇ ਜਾਣ ਦੀ ਸੰਭਾਵਨਾ ਵੀ ਕੋਈ ਨਹੀਂ ਸੀ। ਪਰ ਫਿਰ ਵੀ ਉਸ ਨੇ ਸੂਰਜ ਦੀ ਟਿੱਕੀ ਨਿਕਲਣ ਤੋਂ ਪਹਿਲਾਂ ਧਾਵਾ ਬੋਲ ਦਿਤਾ। ਜਿਵੇਂ ਕਿ ਪਹਿਲਾਂ ਹੀ ਡਰ ਸੀ, ਉਹਨਾਂ ਦਾ ਹਮਲਾ ਲੁਕਵਾਂ ਨਾ ਰਹਿ ਸਕਿਆ। ਮਸ਼ੀਨ-ਗੰਨ ਦੇ ਪਹਿਲੇ ਹੀ ਬਰਸਟ ਨੇ ਮੇਜਰ ਦਾਸ ਦੀ ਹੈਲਮਟ ਪਾੜ ਦਿੱਤੀ। ਉਸ ਦੇ ਸਾਥੀ ਸਿਪਾਹੀਆਂ ਨੂੰ ਪਿਛੇ ਹਟਣਾ ਪਿਆ।

ਪੁੱਲ ਦਾ ਹਥੋਂ ਨਿਕਲ ਜਾਣਾ ਅਫ਼ਸਰਾਂ ਨੇ ਬਦਨਾਮੀ ਸਮਝਿਆ ਸੀ। ਅਫ਼ਸਰ ਦੀ ਲਾਸ਼ ਨੂੰ ਪਿਛੇ ਛੱਡ ਆਉਣਾ ਸਿਪਾਹੀਆਂ ਨੇ ਨਮੋਸ਼ੀ ਜਾਣਿਆ। ਉਹਨਾਂ ਨੇ ਸਲਾਹ ਕੀਤੀ। ਸੂਬੇਦਾਰ ਪ੍ਰੀਤ ਸਿੰਘ ਅਤੇ ਦੋ ਹੋਰ ਸਿਪਾਹੀ ਤਿਆਰ ਹੋ ਗਏ। ਉਹਨਾਂ ਨੇ ਲੇਟਿਆਂ ਲੇਟਿਆਂ ਹੀ ਖ਼ਾਲੀ ਹੱਥ ਉਤਾਂਹ ਕੀਤੇ—ਗੋਲੀ ਨਹੀਂ ਚਲੀ! ਉਹ ਖੜੇ ਹੋ ਗਏ—ਗੋਲੀ ਨਹੀਂ ਚਲੀ! ਉਹ ਅਗਾਂਹ ਤੁਰ ਪਏ, ਉਹ ਮੇਜਰ ਦਾਸ ਕੋਲ ਪਹੁੰਚ ਗਏ, ਉਹ ਮੇਜਰ ਦਾਸ ਦੀ ਲਾਸ਼ ਨੂੰ ਚੁਕ ਕੇ ਲੈ ਆਏ—ਗੋਲੀ ਨਹੀਂ ਚਲੀ!

ਪਿਛਾਂਹ ਹਟ ਕੇ ਉਹਨਾਂ ਨੇ ਸ਼ੁਕਰਾਨੇ ਵਜੋਂ ਹੱਥ ਹਿਲਾਏ। ਅਗੋਂ ਸਾਹਮਣੇ ਵਾਲਿਆਂ ਨੇ ਵੀ ਇਕ ਸੂਰਮੇ ਲਈ ਅਲਵਿਦਾ ਦਾ ਹੱਥ-ਇਸ਼ਾਰਾ ਕੀਤਾ।

ਬੇਰੀ ਵਾਲਾ ਪੁੱਲ ਉਥੇ ਦਾ ਉਥੇ ਹੈ। ਉਸੇ ਤਰ੍ਹਾਂ ਲੋੜ ਸਮੇਂ ਇਸ ਨੂੰ ਉਡਾ ਦੇਣ ਲਈ ਇਸ ਦੇ ਥੰਮ੍ਹਲਿਆ ਵਿਚ ਬਰੂਦ-ਭਰੀਆਂ ਖੁੰਦਰਾਂ ਹਨ। ਉਸੇ ਤਰ੍ਹਾਂ ਇਸ ਦੇ ਦੋਹੀਂ ਪਾਸੀਂ ਫੌਜੀ ਬੰਕਰ ਬਣੇ ਹੋਏ ਹਨ। ਉਸੇ ਤਰ੍ਹਾਂ ਇਸ ਦੇ ਹੇਠੋਂ ਸੇਮ ਨਾਲੀ ਦਾ ਠੰਢਾ ਅਤੇ ਸ਼ੋਰੇ ਵਾਲਾ ਪਾਣੀ ਵਗਦਾ ਹੈ।

## ਲੇਖਕ / ਪਾਠਕ ਕਹਿੰਦੇ ਹਨ

o **ਜੇਹੇ ਮਨੋਰਥ ਤੇਹੀ ਕਰਨੀ** : ਮੈਂ ਆਪਣੇ ਨੋਟ (ਜੱਟਵਾਦ ਬਾਰੇ) ਵਿਚ ਕਲਚਰਲ ਮੁਹਾਜ਼ ਦੇ ਇਕ ਅਹਿਮ ਨੁਕਤੇ ਵਲ ਧਿਆਨ ਦਵਾਇਆ ਸੀ। ਹਰਭਜਨ ਹਲਵਾਰਵੀ, ਭਗਵੰਤ ਸਿੰਘ ਤੇ ਸ਼ਮਸ਼ੇਰ ਸਿੰਘ ਅਸ਼ੋਕ ਹੋਰੀਂ ਕਿਤਿਓਂ ਦੀ ਗੱਲ ਨੂੰ ਕਿਤੇ ਦੀ ਕਿਤੇ ਲੈ ਗਏ। ਜਿਸ ਨੁਕਤੇ ਵਲ ਮੈਂ ਧਿਆਨ ਦਵਾਇਆ ਸੀ ਉਹ ਘੱਟੇ ਕੌਡੀਆਂ ਰਲਾਉਣ ਵਾਲਾ ਨਹੀਂ। ਨਿਜ਼ਾਮ ਕੋਈ ਵੀ ਹੋਵੇ ਉਹ ਅੰਤ ਆਪਣੀ ਵਸੋਂ ਦੀ ਕਰਨੀ ਦਾ ਚਲਾਇਆ ਚਲਦਾ ਹੈ ਅਤੇ ਬੰਦੇ ਆਪਣੀ ਕਰਨੀ ਕਰਦੇ ਹਨ, ਆਪਣੇ ਮਨਾਂ ਦੇ ਮਨੋਰਥਾਂ ਦੇ, ਆਪਣੇ ਜਜ਼ਬਿਆਂ ਦੇ, ਪੇਸ਼ ਮਸਲਿਆਂ ਬਾਬਤ ਆਪਣੀ ਸੋਚ ਦੇ, ਤੇ ਗ੍ਰਹਿਣ ਕੀਤੀਆਂ ਸਮਾਜਕ ਮਨੁਖੀ ਕਦਰਾਂ ਕੀਮਤਾਂ ਦੇ ਤੋਰੇ। ਇਹ ਮਨੋਰਥ, ਇਹ ਜਜ਼ਬੇ, ਇਹ ਸਮਾਜਕ ਮਨੁਖੀ ਕਦਰਾਂ ਕੀਮਤਾਂ ਬੰਦਿਆਂ ਦੇ ਮਨਾਂ ਵਿਚ ਪਾਉਂਦੀ ਹੈ—ਕਾਬਜ਼ ਨਿਜ਼ਾਮ ਦੀ ਸਿਰਜੀ ਸਮਾਜ ਦੀ ਕਲਚਰ।* ਆਪਣੀ ਵਸੋਂ ਨੂੰ ਆਪਣੀ ਤੋਰ ਦੀ ਪੰਜਾਲੀ ਜੋਣੋ ਵਾਸਤੇ ਹਰ ਨਿਜ਼ਾਮ ਆਪਣੇ ਸਮਾਜ ਦੀ ਤੁਰੀ ਆਉਂਦੀ ਕਲਚਰ ਨੂੰ ਆਪਣੀ ਤੋਰ ਦੇ ਸੂਤ ਕਰਦਾ ਹੈ। ਆਪਣੇ ਅਨੁਸਾਰੀ ਕਲਚਰ ਪੈਦਾ ਕਰਦਾ ਹੈ। ਨਿਜ਼ਾਮ ਦੀ ਪੈਦਾ ਕੀਤੀ ਕਲਚਰ ਸਮਾਜ ਦੀ ਵਸੋਂ ਨੂੰ ਆਪਣੇ ਰੰਗ ਵਿਚ ਰੰਗਦੀ ਹੈ। ਉਸ ਨੂੰ ਆਪਣੇ ਸੱਚੇ ਵਿਚ ਢਾਲਦੀ ਹੈ। ਕਾਬਜ਼ ਨਿਜ਼ਾਮ ਦੀ ਕਲਚਰ ਵਸੋਂ ਦੇ ਦਿਲਾਂ ਦਿਮਾਗਾਂ ਨੂੰ ਆਪਣੇ ਸੱਚੇ ਵਿਚ ਢਾਲ ਕੇ ਉਸ ਦੀ ਤੋਰੇ ਤੋਰਦੀ ਹੈ। ਸਮਝਣ ਵਾਲਾ ਨੁਕਤਾ ਇਹ ਹੈ ਕਿ ਵਸੋਂ ਤੇ ਨਿਜ਼ਾਮ ਦੀ ਆਪਸ ਵਿਚ ਰਸਾਈ ਕਰ ਉਣ ਵਾਸਤੇ ਕਲਚਰ ਦਾ ਵਿਚੋਲਪੁਣਾ ਲਾਜ਼ਮੀ ਹੈ। (ਜੇ ਜਮਾਤੀ ਸਮਾਜ ਵਿਚ ਮਹਿਕੂਮ ਜਮਾਤਾਂ ਆਪਣੇ ਜਮਾਤੀ ਹਿੱਤ ਦੀਆਂ ਤੋਰੀਆਂ ਤੁਰਦੀਆਂ ਹੋਣ ਤਾਂ ਸਮਾਜ ਦਾ ਜਮਾਤੀ ਅੰਗ ਇਕ ਦਿਨ ਵੀ ਨਹੀਂ ਠਹਿਰ ਸਕਦਾ। ਜਿੰਨਾਂ ਚਿਰ ਸਮਾਜ ਦੀ ਦਸ਼ਾ ਇਨਕਲਾਬੀ ਨਹੀਂ ਹੁੰਦੀ, ਜਮਾਤੀ ਨਿਜ਼ਾਮ ਬਰਕਰਾਰ ਹੁੰਦਾ ਹੈ, ਓਨਾ ਚਿਰ ਮਹਿਕੂਮ ਜਮਾਤਾਂ ਵੀ ਤੋਰੀਆਂ ਤੁਰਦੀਆਂ ਹਨ—ਕਾਬਜ਼ ਨਿਜ਼ਾਮ ਦੀ ਕਲਚਰ ਦੀਆਂ ਤੋਰੀਆਂ)।

ਜਦੋਂ ਸਮਾਜ ਵਿਚ ਜਮਾਤੀ ਅੰਗ ਪੈਦਾ ਹੋਇਆ ਤਾਂ ਉਸ ਨੇ ਬੰਦਿਆਂ ਦੇ ਮਨਾਂ ਵਿਚੋਂ ਬੰਦੇ ਦੇ ਪਿਆਰ ਨੂੰ ਖਤਮ ਕਰ ਕੇ, ਉਸ ਦੀ ਥਾਂ ਦੌਲਤ ਦੇ ਲਾਲਚ ਨੂੰ (ਗੁਰਬਾਣੀ ਦੀ ਬੋਲੀ ਵਿਚ ਮਾਇਆ ਦੇ ਮੋਹ ਨੂੰ) ਬੰਦੇ ਦੀ ਬਣਤਰ ਦੀ ਬੁਨਿਆਦ ਬਣਾ ਦਿੱਤਾ। ਵੈਸੇ ਤਾਂ ਬੰਦਿਆਂ ਦੀ ਬਣਤਰ

---

* The ruling ideas of each age have been the ideas of its ruling class. Marx & Engels, Manifesto of the Communist Party, Selected Works, Vol. 1, p. 125



ਵਿਚ ਇਸ ਤਬਦੀਲੀ ਦੇ ਆਉਣ ਤੋਂ ਬਗੈਰ, ਦੌਲਤ ਦੇ ਲਾਲਚ ਦਾ ਬੰਦੇ ਦੀ ਬਣਤਰ ਦਾ ਮੂਲ ਬਣਨ ਤੋਂ ਬਗੈਰ ਸਮਾਜ ਵਿਚ ਨਾ ਤਾਂ ਜਮਾਤੀ ਅੰਗ ਹੀ ਪੈਦਾ ਹੋ ਸਕਦਾ ਸੀ ਤੇ ਨਾ ਹੀ ਪੈਦਾ ਹੋ ਕੇ ਇਸ ਦੀ ਤੋਰ ਤੁਰ ਸਕਦੀ ਸੀ। ਦੌਲਤ ਦੇ ਲਾਲਚ ਦਾ ਬੰਦੇ ਦੀ ਬਣਤਰ ਦਾ ਮੂਲ ਬਣਨਾ ਤੇ ਸਮਾਜ ਵਿਚ ਜਮਾਤੀ ਅੰਗ ਦਾ ਰਾਇਜ ਹੋਣਾ ਆਪਸ ਵਿਚ ਪ੍ਰਸਪਰ ਤੌਰ 'ਤੇ ਸਬੰਧਤ ਹਨ; ਇਕ ਦੂਸਰੇ ਦੇ ਜਨਮ-ਦਾਤਾ ਹਨ; ਇਕ ਦੂਸਰੇ ਦੇ ਉਸਰੱਈਏ ਹਨ। ਇਹ ਇਕ ਦੂਸਰੇ ਤੋਂ ਬਗੈਰ ਨਾ ਪੈਦਾ ਹੋ ਸਕਦੇ ਹਨ ਅਤੇ ਨਾ ਹੀ ਰਹਿ ਸਕਦੇ ਹਨ। ਜਦੋਂ ਦਾ ਸਮਾਜ ਵਿਚ ਜਮਾਤੀ ਅੰਗ ਰਾਇਜ ਹੋਇਆ ਹੈ ਓਦੋਂ ਦਾ ਹੀ ਬੰਦੇ ਦੀ ਬਣਤਰ ਦਾ ਮੂਲ ਦੌਲਤ ਦਾ ਲਾਲਚ ਤੇ ਖੁਦਗਰਜ਼ੀ ਆਦਿ ਮਨੋਰਥ ਤੁਰੇ ਆ ਰਹੇ ਹਨ।* ਸਰਮਾਏਦਾਰੀ ਚੂੰਕਿ ਜਮਾਤੀ ਸਮਾਜਾਂ ਦਾ ਸਿਖਰ ਹੈ, ਇਸ ਵਾਸਤੇ **ਬੁਰਜੁਆ ਸਮਾਜ ਵਿਚ ਬੰਦੇ ਦੀ ਬਣਤਰ ਦਾ ਮੂਲ ਦੌਲਤ ਦਾ ਲਾਲਚ ਤੇ ਨਿਰਦੱਈ ਕਠੋਰ ਖੁਦਗਰਜ਼ੀ** ਆਦਿ ਹਨ। ਅਤੇ ਇਹ ਆਪਣੀ ਸਿਖਰ 'ਤੇ ਹਨ।

ਬੰਦਾ ਕਿਸੇ ਬੁਰਜੁਆ ਸਮਾਜ ਦਾ ਹੋਵੇ, ਕਿਸੇ ਬੁਰਜੁਆ ਮੁਲਕ ਜਾਂ ਫਾਰਮੇਸ਼ਨ ਦਾ ਹੋਵੇ, ਦੌਲਤ ਦਾ ਲਾਲਚ, ਖ਼ੁਦਗਰਜ਼ੀ ਆਦਿ ਬੁਰਜੁਆ ਬੰਦੇ ਦੀ ਬਣਤਰ ਦਾ ਸਰਬ-ਵਿਆਪੀ ਖਾਸਾ ਹਨ। ਭਾਵੇਂ ਬੁਰਜੁਆ ਕਲਚਰ ਦਾ ਮੂਲ, ਉਸ ਦੀ ਬੁਨਿਆਦ ਦੌਲਤ ਦਾ ਲਾਲਚ, ਖ਼ੁਦਗਰਜ਼ੀ ਆਦਿ ਹੀ ਹਨ ਪਰ ਬੁਰਜੁਆ ਕਲਚਰ ਇਹਨਾਂ 'ਤੇ ਮੁਕ ਨਹੀਂ ਜਾਂਦੀ। ਇਹਨਾਂ ਅੰਗਾਂ, ਇਹਨਾਂ ਮਨੋਰਥਾਂ ਦੇ ਸਭ ਬੁਰਜੁਆ ਮੁਲਕਾਂ ਵਿਚ ਸਰਬ-ਵਿਆਪੀ ਹੋਣ ਦੇ ਬਾਵਜੂਦ ਸਭ ਬੁਰਜੁਆ ਸਮਾਜਾਂ ਦੀ ਕਲਚਰ ਉਹਨਾਂ ਦੀ ਇਤਿਹਾਸਕ ਉਸਾਰੀ ਦੀ ਪੈਦਾਵਾਰ ਹੈ। ਅਤੇ ਇਹਨਾਂ ਮਨੋਰਥਾਂ ਵਲੋਂ ਸਾਂਝੀ ਹੁੰਦੀ ਹੋਈ ਵੀ ਆਪੋ ਆਪਣੀ ਹੈ। ਹਰ ਸਮਾਜ ਦੀ, ਹਰ ਮੁਲਕ ਦੀ ਨਿਵੇਕਲੀ ਹੈ। ਆਪੋ ਆਪਣੇ ਸਮਾਜ ਦੀ ਇਤਿਹਾਸਕ ਉਸਾਰੀ ਵਿਚੋਂ ਬੁਰਜੁਆ ਪੈਂਤੜਾ ਆਪਣੀ ਵਸੋਂ ਵਿਚ ਬੜੇ ਉਹ ਜਜ਼ਬੇ, ਬੇਅੰਤ ਉਹ ਤਅੱਸਬ ਪੈਦਾ ਕਰ ਲੈਂਦਾ ਹੈ ਜਿਨ੍ਹਾਂ ਨੂੰ ਉਹ ਆਪਣੇ ਹਿੱਤ ਲਈ ਲੋੜ ਅਨੁਸਾਰ ਵਰਤਦਾ ਹੈ। ਅਤੇ ਉਹ ਉਸ ਨੂੰ ਬੜੇ ਕਾਰਗਰ ਸਾਬਤ ਹੁੰਦੇ ਹਨ।

ਬੁਰਜੁਆ ਸਮਾਜ ਦੀ ਤੋਰ ਦਾ, ਉਸ ਦੇ ਅਮਲ ਦਾ, ਬੁਰਜੁਆ ਪੈਂਤੜੇ ਦਾ ਇਹ ਸਭ ਕੁਝ ਸਿਰਜਿਆ ਉਸ ਦਾ ਸਭਿਆਚਾਰਕ ਤਾਣਾਪੇਟਾ (cultural complex) ਹੈ। ਮਿਸਾਲ ਵਜੋਂ ਮੋਟੇ ਤੌਰ 'ਤੇ ਵੇਖੀਏ ਤਾਂ ਪੱਛਮੀ ਸਰਮਾਏਦਾਰੀ ਮੁਲਕਾਂ ਵਿਚ ਬੁਰਜੁਆ ਪੈਂਤੜਾ ਵਸੋਂ ਦੇ ਮੁਲਕੀ ਜਜ਼ਬੇ ਨੂੰ ਵਿਗਾੜ ਕੇ ਆਪਣੇ ਹਿੱਤ ਵਾਸਤੇ ਵਰਤਦਾ ਹੈ। ਕਾਬਜ਼ ਬੁਰਜੁਆਜ਼ੀ ਦਾ ਹਿੱਤ ਜਿਸ ਮੁਲਕ ਦੀ ਬੁਰਜੁਆਜ਼ੀ ਨਾਲ ਜਾਂ ਜਿਸ ਮੁਲਕ ਨਾਲ ਵੀ ਟਕਰਾਂਦਾ ਹੈ ਉਸ ਦੇ ਖਿਲਾਫ਼ ਵਸੋਂ ਨੂੰ ਡਾਹੁਣ ਵਾਸਤੇ ਵਿਗੜਿਆ ਮੁਲਕੀ ਜਜ਼ਬਾ ਬੜਾ ਵਧੀਆ ਸੰਦ ਸਾਬਤ ਹੁੰਦਾ ਹੈ। ਏਸੇ ਤਰ੍ਹਾਂ ਹੀ ਇਹਨਾਂ ਪੱਛਮੀ ਮੁਲਕਾਂ ਵਿਚ ਬੁਰਜੁਆ ਪੈਂਤੜੇ ਕੋਲ ਨਸਲੀ ਤਅੱਸਬ ਇਕ ਕਾਰਗਰ

---

* From its first days to this, sheer greed was the driving spirit of civilization; wealth, and again wealth, and once more wealth, not of society but of the single scurvy individual—was its one and final aim. Engels, Origin of the Family, Private Property and the State. New York, 1942, p. 161

ਹਥਿਆਰ ਹੈ। ਏਸੇ ਤਰ੍ਹਾਂ ਮਿਸਾਲ ਵਜੋਂ ਸਾਡੇ ਬੁਰਜੂਆ ਪੈਂਤੜੇ ਕੋਲ, ਸਾਡੇ ਜਮਾਤੀ ਸਮਾਜ ਦੀ ਇਤਿਹਾਸਕ ਉਸਾਰੀ ਦੀ ਪੈਦਾਵਾਰ ਦੋ ਬੁਨਿਆਦੀ ਤਅੱਸਬ ਹਨ ਜਿਨ੍ਹਾਂ ਨੂੰ ਉਹ ਆਪਣੀ ਲੋੜ ਅਨੁਸਾਰ ਡੱਟ ਕੇ, ਨਿਝੱਕ ਵਰਤਦਾ ਹੈ। **ਇਕ** ਹੈ ਮਜ਼ਹਬੀ ਜਜ਼ਬੇ ਦਾ ਵਿਗਾੜਿਆ ਹੋਇਆ ਰੂਪ—ਫਿਰਕੂ ਜਜ਼ਬਾ ਅਤੇ ਮਜ਼ਹਬੀ ਤਅੱਸਬ ਤੇ **ਦੂਸਰਾ** ਹੈ ਜਾਤ-ਪਾਤੀ ਜਜ਼ਬਾ, ਜਾਤੀ ਤਅੱਸਬ। ਇਹਨਾ ਦੇ ਨਾਲ ਹੋਰ ਵੀ ਬੇਅੰਤ ਤਅੱਸਬ ਹਨ ਜੋ ਸਾਡੇ ਸਭਿਆਚਾਰਕ ਤਾਣੇ ਪੇਟੇ ਦਾ ਤਨੀ ਅੰਗ ਹਨ ਅਤੇ ਜੋ ਸਮੇਂ ਸਮੇਂ ਸਿਰ ਲੋੜ ਅਨੁਸਾਰ ਸਾਡੇ ਬੁਰਜੂਆ ਪੈਂਤੜੇ ਦੇ ਕੰਮ ਆਉਂਦੇ ਹਨ। ਦੌਲਤ ਦੇ ਲਾਲਚ ਤੇ ਖ਼ੁਦਗਰਜ਼ੀ ਆਦਿ ਵਾਂਗ ਫਿਰਕੂ, ਜਾਤ-ਪਾਤੀ ਤਅੱਸਬ ਤੇ ਇਹਨਾਂ ਦੇ ਹੋਰ ਸੰਗੀ ਸਾਥੀ ਸਾਡੀ ਵਸੋਂ ਦੀ ਫ਼ਿਤਰਤ ਦਾ ਅੰਗ ਹੀ ਬਣੇ ਬੈਠੇ ਹਨ ਅਤੇ ਸਾਡੇ ਬੁਰਜੂਆ ਪੈਂਤੜੇ ਵਾਸਤੇ ਇਹ ਚਾਂਦੀ ਹਨ।

ਪਰੋਲਤਾਰੀ ਦੇ ਪੈਂਤੜੇ ਵਾਲਿਆਂ ਕਲਚਰ ਦੇ ਮੁਹਾਜ਼ 'ਤੇ ਵੇਖਣਾ ਇਹ ਹੈ ਕਿ ਕਿਸੇ ਖਾਸ ਮੁਹਾਜ਼ 'ਤੇ, ਕਿਸੇ ਖਾਸ ਸਥਿਤੀ ਵਿਚ ਬੁਰਜੂਆ ਪੈਂਤੜਾ ਵਸੋਂ ਵਿਚ ਪਾਏ ਕਿਹੜੇ ਕਿਹੜੇ ਜਜ਼ਬਿਆਂ, ਤਅੱਸਬਾਂ ਨੂੰ ਵਰਤ ਕੇ ਗਿਆਨ-ਵਿਹੂਣੀ ਰਈਅਤ ਨੂੰ ਆਪਣੇ ਹਿੱਤ ਦੇ ਰਾਹੇ ਤੋਰਦਾ ਹੈ ਅਤੇ ਇਹਨਾਂ ਤਅੱਸਬਾਂ, ਜਜ਼ਬਿਆਂ ਦਾ ਮੁਕਾਬਲਾ ਕਰਨਾ ਕਿਵੇਂ ਹੈ। ਲੋਕਾਂ ਦੇ ਮਨਾਂ ਵਿਚੋਂ ਇਹਨਾਂ ਦੀ ਜੜ੍ਹ ਮੇਖ ਉਖੇੜਨੀ ਕਾਹਦੇ ਨਾਲ ਹੈ? ਵਿਚਾਰਧਾਰਕ ਜਮਾਤੀ ਜਦੋ-ਜਹਿਦ ਦਾ, ਕਲਚਰਲ ਇਨਕਲਾਬ ਦਾ ਮੂਲ ਕੀ ਹੈ?

ਇਹ ਤਾਂ ਹਰ ਇਕ ਨੂੰ ਸਪਸ਼ਟ ਹੀ ਹੋਣਾ ਚਾਹੀਦਾ ਹੈ ਕਿ ਜਿੰਨਾਂ ਚਿਰ ਵਸੋਂ ਦੀ ਬਣਤਰ ਬੁਰਜੂਆ ਹੈ, ਪਰੋਲਤਾਰੀ ਤੇ ਉਸ ਦੀਆਂ ਸੰਗੀ ਜਮਾਤਾਂ ਦੀ ਬਣਤਰ ਦਾ ਮੂਲ ਬੰਦੇ ਦੀ, ਸਰਬਤ ਦੀ ਆਜ਼ਾਦੀ ਦਾ ਮੂਲ ਨਹੀਂ, ਮਾਇਆ ਦਾ ਮੋਹ, ਖ਼ੁਦਗਰਜ਼ੀ ਹੈ ਅਤੇ ਉਸ ਦੇ ਨਾਲ ਉਹਨਾਂ ਦੀ ਜ਼ਹਿਨੀਅਤ ਫਿਰਕੂ ਹੈ ਅਤੇ ਉਹ ਜਾਤ-ਪਾਤੀ ਆਦਿ ਜਜ਼ਬਿਆਂ, ਤਅੱਸਬਾਂ ਦੀਆਂ ਸ਼ਿਕਾਰ ਹਨ—ਮਤਲਬ ਹੈ ਬੁਰਜੂਆ ਸਭਿਆਚਾਰਕ ਤਾਣੇ ਪੇਟੇ ਦੀ ਫਾਹੀ ਵਿਚ ਹਨ ਤੇ ਮਾਰਕਸਵਾਦੀ ਪਾਰਟੀ, ਉਸ ਦੀ ਲੀਡਰਸ਼ਿਪ ਤੇ ਉਸ ਦੇ ਕਾਡਰ ਦੀ ਭੰਨਵੀਂ ਬਹੁਗਿਣਤੀ ਵੀ ਇਹਨਾਂ ਬੁਰਜੂਆ ਜਜ਼ਬਿਆਂ, ਤਅੱਸਬਾਂ ਤੋਂ ਪਾਕ ਨਹੀਂ, ਕਿਸੇ ਨਾ ਕਿਸੇ ਪਾਸਿਉਂ ਬੁਰਜੂਆ ਸਭਿਆਚਾਰਕ ਤਾਣੇ ਪੇਟੇ ਦੀ ਵਲ੍ਹੇਟ ਵਿਚ ਹੈ, ਉਨਾਂ ਚਿਰ ਸਮਾਜ ਬੁਰਜੂਆ ਹੀ ਚਲੇਗਾ ਤੇ ਸਮਾਜਵਾਦ ਦੀ ਉਸਾਰੀ ਇਕ ਅਸੰਭਵ ਸੁਪਨਾ ਹੀ ਰਹੇਗੀ। **ਇਹ ਤਾਂ ਸੰਭਵ ਨਹੀਂ ਕਿ ਪਰੋਲਤਾਰੀ ਤ ਉਸ ਦੀਆਂ ਸੰਗੀ ਜਮਾਤਾ ਦੇ ਮਨੋਰਥ ਤਾਂ ਬੁਰਜੂਆ ਰਹਿਣ ਤੇ ਸਮਾਜਕ ਰਿਸ਼ਤੇ ਸਮਾਜਵਾਦੀ ਉਸਰਨੇ ਸ਼ੁਰੂ ਹੋ ਜਾਣ।** ਅਸਲੀਅਤ ਤਾਂ ਇਹ ਹੈ ਕਿ ਜਿੰਨਾਂ ਚਿਰ ਮਾਰਕਸਵਾਦੀ ਲਹਿਰ ਬੁਰਜੂਆ ਮਨੋਰਥਾਂ, ਬੁਰਜੂਆ ਸਭਿਆਚਾਰਕ ਤਾਣੇ ਪੇਟੇ ਦੇ ਖਿਲਾਫ ਸਿਰਧੜ ਦੀ ਨਹੀਂ ਲਾਉਂਦੀ, ਉਹ ਬਿਲਕੁਲ ਕੱਚਿਆਂ ਪੈਰਾਂ 'ਤੇ ਹੈ। ਬੰਦੇ ਦੀ ਬਣਤਰ, ਸਮਾਜਕ ਰਿਸ਼ਤੇ ਤੇ ਨਿਜ਼ਾਮ ਅੰਤਲੀ ਵਿਆਖਿਆ ਅਨੁਸਾਰ ਇਕੋ ਰੱਸੇ ਜਾਂਦੇ ਹਨ।

ਬੁਰਜੂਆ ਬਣਤਰ ਦੇ ਵਿਰੁਧ ਬੰਦੇ ਦੀ ਮਾਰਕਸਵਾਦੀ ਬਣਤਰ ਕੀ ਹੈ? ਪਰੋਲਤਾਰੀ ਦੇ ਪੈਂਤੜੇ ਦੇ, ਸਰਬਤ ਦੀ ਆਜ਼ਾਦੀ ਦੇ ਪੈਂਤੜੇ ਦੇ ਬੰਦੇ ਦੀ ਬਣਤਰ ਦਾ ਮੂਲ ਕੀ ਹੈ? ਸਪਸ਼ਟ ਹੀ, ਸਮਾਜ ਦੇ ਜਮਾਤੀ ਅੰਗ ਨੇ ਆਪਣੀ ਤੋਰ ਵਾਸਤੇ ਜੋ ਵਿਗਾੜ ਬੰਦੇ ਦੀ ਬਣਤਰ ਵਿਚ ਪਾਇਆ ਹੈ, ਉਸ ਦਾ ਖ਼ਾਤਮਾਂ। ਦੌਲਤ ਦੇ ਲਾਲਚ ਤੋਂ, ਮਾਇਆ ਦੇ ਮੋਹ ਤੋਂ ਬੰਦੇ ਦਾ ਪਾਕ ਹੋਣਾ ਅਤੇ ਉਸ ਦੇ ਮਨ ਵਿਚ ਬੰਦੇ ਦੇ ਪਿਆਰ ਦਾ ਮੁੜ ਬਹਾਲ ਹੋਣਾ, ਸਥਾਪਤ ਹੋਣਾ। ਬੰਦੇ ਦੇ ਪਿਆਰ ਦਾ,



ਦੇ ਦੀ ਬਣਤਰ ਦਾ ਮੂਲ ਬਣਨਾ। ਬੰਦੇ ਦਾ ਬੰਦੇ ਦੇ ਪਿਆਰ ਦੇ ਮੂਲ ਹੋਣ ਦਾ ਮਤਲਬ ਕੀ
ਹੈ? ਬੰਦੇ ਦਾ ਦੌਲਤ ਦੇ ਲਾਲਚ ਦੀ ਫਾਹੀ ਵਿਚੋਂ ਨਿਕਲਣਾ। ਉਸ ਦੀ ਜਾਇਦਾਦ ਦੀ, ਪੈਸੇ
ਦੀ ਫਾਹੀ ਵਿਚੋਂ ਬੰਦ-ਖਲਾਸ। ਬੰਦੇ ਦਾ ਆਜ਼ਾਦ ਹੋਣਾ। ਸਰਬਤ ਦੇ ਪਿਆਰ ਦਾ ਅਰਥ ਕੀ
ਹੈ? ਸਰਬਤ ਦੀ ਆਜ਼ਾਦੀ। ਮਨੁਖੀ ਬਰਾਦਰੀ। ਜੋ ਜਜ਼ਬਾ, ਜੋ ਤਅੱਸਬ ਵੀ ਸਰਬਤ ਦੇ ਪਿਆਰ
ਦੇ ਵਿਰੁਧ ਹੈ, ਉਸ ਦੀ ਸਥਾਪਤੀ ਦੇ ਰਾਹ ਵਿਚ ਰੋੜਾ ਹੈ, ਉਹ ਤੇ ਉਸ ਤੋਂ ਪੈਦਾ ਹੁੰਦਾ ਅਮਲ
ਬੁਰਜੂਆ ਪੈਂਤੜੇ ਦਾ ਹੈ, ਉਸ ਦਾ ਸਹਾਇਕ ਹੈ। ਉਸ ਦੇ ਖਿਲਾਫ ਸਿਰਧੜ ਦੀ ਲਾਉਣੀ
ਲਾਜ਼ਮੀ ਹੈ।

ਬੰਦੇ ਦੇ ਪਿਆਰ ਦਾ ਬੰਦੇ ਦੀ ਬਣਤਰ ਦੇ ਮੂਲ ਹੋਣ ਦਾ ਅਰਥ ਹੀ ਸਰਮਾਏਦਾਰੀ ਦੇ ਖਿਲਾਫ
ਜਦੋ-ਜਹਿਦ ਹੈ। ਇਸ ਵੇਲੇ ਬੰਦੇ ਦੀ ਬਣਤਰ ਬੁਰਜੂਆ ਹੈ। ਉਸ ਦੀ ਬਣਤਰ ਦਾ ਮੂਲ ਹੈ
ਦੌਲਤ ਦਾ ਲਾਲਚ ਆਦਿ। ਇਸ ਦੀ ਥਾਂ ਬੰਦੇ ਦੇ ਪਿਆਰ ਨੇ, ਸਰਬਤ ਦੇ ਪਿਆਰ ਨੇ ਬੰਦੇ ਦੀ
ਬਣਤਰ ਦਾ ਮੂਲ ਬਣਨਾ ਕਿਸ ਤਰ੍ਹਾਂ ਹੈ? ਸਪਸ਼ਟ ਹੀ ਲਗਾਤਾਰ ਸਿਰਤੋੜ ਜਮਾਤੀ ਜਦੋ-ਜਹਿਦ
ਰਾਹੀਂ। ਹੋਰ ਕੋਈ ਰਾਹ ਹੈ ਹੀ ਨਹੀਂ। ਗੁਰਬਾਣੀ ਦੀ ਬੋਲੀ ਵਿਚ 'ਮਾਨਸ ਕੀ ਜਾਤਿ ਸਭੈ ਏਕੋ
ਪਹਿਚਾਨਬੋ' ਯੂਟੋਪੀਅਨ ਨਹੀਂ ਹੈ। ਇਨਕਲਾਬ ਹੈ। ਕਲਚਰਲ ਇਨਕਲਾਬ ਹੈ। ਬੰਦੇ ਦੀ ਬਣਤਰ
ਦੀ, ਉਸ ਦੇ ਮਨ ਦੇ ਮਨੋਰਥਾਂ ਦੀ, ਦਿਲ ਦੇ ਜਜ਼ਬਿਆਂ ਦੀ, ਉਸ ਦੀਆਂ ਸਮਾਜਕ ਮਨੁਖੀ ਕੀਮਤਾਂ
ਦੀ, ਉਸ ਦੀ ਜਾਰੀ ਸੋਚ ਦੀ, ਉਸ ਦੇ ਸਮਾਜਕ ਮਨੁਖੀ ਰਿਸ਼ਤਿਆਂ ਦੀ, ਉਹਨਾਂ 'ਤੇ ਆਧਾਰਤ
ਸਭ ਸਮਾਜਕ ਸੰਸਥਾਵਾਂ ਦੀ ਜੜ੍ਹਾਂ ਤੋਂ ਲੈ ਕੇ ਸਿਖਰ ਤਕ ਕਾਇਆਂ-ਪਲਟੀ ਕਰਨਾ ਹੈ। ਬੁਰਜੂਆ
ਸਭਿਆਚਾਰਕ ਤਾਣੇ ਪੇਟੇ ਦੇ ਤੂਸੜੇ ਉੜਾ ਕੇ ਉਸ ਦੀ ਥਾਂ ਪਰੋਲਤਾਰੀ ਸਭਿਆਚਾਰਕ ਤਾਣਾ ਪੇਟਾ
ਸਥਾਪਤ ਕਰਨਾ ਹੈ। ਬੰਦੇ ਦੇ ਪਿਆਰ ਨੂੰ, ਸਰਬਤ ਦੇ ਪਿਆਰ ਨੂੰ ਬੰਦੇ ਦੀ ਬਣਤਰ ਦਾ ਮੂਲ
ਬਣਾਉਣਾ ਪਰੋਲਤਾਰੀ ਦੇ ਪੈਂਤੜੇ ਦਾ ਅਸਲਾ ਹੈ। ਪਰੋਲਤਾਰੀ ਦੇ ਹਿੱਤ ਦਾ ਸਰੂਪ ਹੋਣਾ ਹੈ।
ਪਰੋਲਤਾਰੀ ਦੇ ਹਿੱਤ ਤੋਂ ਬਾਹਰ, ਉਸ ਦੇ ਵਿਰੁਧ ਹਿੱਤ ਦਾ ਖਤਮ ਹੋਣਾ ਹੈ। ਇਹ ਪੁਜ਼ੀਸ਼ਨ ਐਨ
ਸਪਸ਼ਟ ਹੋਣੀ ਚਾਹੀਦੀ ਹੈ। **ਪਰੋਲਤਾਰੀ ਦੀ ਬੰਦ-ਖਲਾਸ ਹੁੰਦੀ ਹੀ ਤਾਂ ਹੈ ਜੇ ਸਰਬਤ
ਦਾ ਬੰਦ-ਖਲਾਸ ਹੋਏ।** ਉਸ ਤੋਂ ਉਰੇ ਇਹ ਮੁਮਕਿਨ ਹੀ ਨਹੀਂ ਹੈ। ਬੰਦੇ ਦੀ ਆਜ਼ਾਦੀ ਸਹੀ
ਅਰਥਾਂ ਵਿਚ ਅਖੰਡ ਹੈ। ਦੌਲਤ ਦੇ ਲਾਲਚ ਦਾ ਬੰਦੇ ਦੀ ਬਣਤਰ ਵਿਚੋਂ ਨਿਕਲਣਾ ਅਤੇ ਬੰਦੇ
ਦੇ ਪਿਆਰ ਦਾ ਉਸ ਦੀ ਬਣਤਰ ਦਾ ਮੂਲ ਹੋਣਾ ਕੋਈ ਸੌਖੀ ਗੱਲ ਨਹੀਂ। ਇਹ ਇਤਿਹਾਸਕ
ਦੌਰ ਦਾ ਅਮਲ ਹੈ। ਪਰ ਇਸ ਤਬਦੀਲੀ ਤੋਂ ਬਗੈਰ ਸਮਾਜਵਾਦ ਦੀ ਉਸਾਰੀ ਤੇ ਕਮਿਊਨਿਸਟ
ਸਮਾਜ ਦੀ ਸਥਾਪਤੀ ਲਈ ਤੇ ਬੰਦੇ ਦੇ ਆਜ਼ਾਦ ਹੋਣ ਵਾਸਤੇ ਹੋਰ ਕੋਈ ਰਾਹ ਹੈ ਹੀ ਨਹੀਂ।

—ਕਿਸ਼ਨ ਸਿੰਘ

○ **ਸਿਆਸੀ "ਕਲਾ"-ਬਾਜ਼ੀਆਂ ਦਾ ਮੁੱਢ :** ਸੇਧ ਦੇ ਅਪ੍ਰੈਲ ਅੰਕ ਵਿਚ ਡਾ: ਅਤਰ ਸਿੰਘ ਦੀਆਂ ਕੁਝ ਥੋੜੇ ਜਹੇ ਸਮੇਂ ਦੀਆਂ ਸਿਆਸੀ ਕਲਾਬਾਜ਼ੀਆਂ ਦਾ ਹਾਲ ਮਿਲਦਾ ਹੈ। ਪਰ ਅਸਲ ਵਿਚ ਇਹਨਾਂ ਕਲਾਬਾਜ਼ੀਆਂ ਦਾ ਇਤਿਹਾਸ ਹੋਰ ਵੀ ਪੁਰਾਣਾ ਹੈ ਤੇ ਇਸ ਦੀ ਪਿਛੋਕੜ ਵੀ ਧਿਆਨ ਵਿਚ ਰਖਣੀ ਪਵੇਗੀ ਕਿ ਕਿਵੇਂ ਪਿਛਲੇ ਵੀਹ ਬਾਈ ਸਾਲਾਂ ਤੋਂ ਹੀ ਸਾਡੇ ਚੰਗੇ ਚੰਗੇ ਵਿਦਵਾਨਾਂ

ਨੇ ਇਹ ਗੱਲ ਧਾਰ ਰਖੀ ਹੈ ਕਿ ਸਾਹਿਤ ਦੇ ਖੇਤਰ ਵਿਚ ਵੀ ਕੁਰਸੀ ਨੂੰ ਸਲਾਮ ਹੁੰਦੀ ਹੈ, ਇਸ ਲਈ ਸਥਾਪਤ ਸਾਹਿਤਕਾਰ ਬਣਨ ਲਈ, ਸਥਾਪਤੀ ਦੀ ਮਦਦ ਨਾਲ ਹੀ ਪਹਿਲਾਂ ਯੂਨੀਵਰਸਟੀ ਵਿਚ ਕੁਰਸੀ ਹਥਿਆਉਣੀ ਚਾਹੀਦੀ ਹੈ, ਤਾਂ ਹੀ ਉਹਨਾਂ ਨੂੰ, ਅਰਥਾਤ ਉਹਨਾਂ ਦੀ ਕੁਰਸੀ ਨੂੰ ਸਲਾਮ ਹੋਵੇਗੀ ! ਏਸੇ ਲਈ ਡਾਕਟਰੀ (ਪੀ. ਐਚ. ਡੀ) ਕਰਨ ਦੀ ਦੌੜ ਸ਼ੁਰੂ ਹੋਈ ਅਤੇ ਪ੍ਰੋ: ਅਤਰ ਸਿੰਘ ਜਿਹੇ ਬੰਦੇ ਨੇ ਵੀ ਆਖਰ 1968 ਦੇ ਕਰੀਬ ਇਹ ਮਹਿਸੂਸ ਕੀਤਾ ਕਿ ਡਾਕਟਰੀ ਦੀ ਪੂਛ ਨਾ ਹਥਿਆਈ ਤਾਂ ਪਿਛੇ ਰਹਿ ਜਾਵਾਂਗੇ, ਭਾਵੇਂ ਆਪ ਜਿਹੇ ਵਿਦਵਾਨ ਬੰਦੇ ਨੂੰ ਡਾਕਟਰੀ ਕਰਨ ਦੀ ਲੋੜ ਨਹੀਂ ਸੀ, ਕਿਉਂਕਿ ਇਕ ਆਲੋਚਕ ਦੇ ਤੌਰ 'ਤੇ ਸੇਖੋਂ ਤੋਂ ਬਾਅਦ ਆਪ ਦਾ ਹੀ ਨਾਮ ਲਿਆ ਜਾਂਦਾ ਸੀ । ਪੰਜਾਬੀ ਯੂਨੀਵਰਸਟੀ ਵਿਚ ਉਸ ਸਮੇਂ ਆਪ '**ਸਾਹਿਤ ਅਧਿਅਨ ਵਿਭਾਗ**' ਦੇ ਮੁਖੀ ਸਨ ਅਤੇ ਉਸ ਤੋਂ ਵੀ ਪੰਜ ਸਾਲ ਪਹਿਲਾਂ **ਆਲੋਚਨਾ** ਦੇ ਸੰਪਾਦਕ ਰਹਿ ਚੁਕੇ ਸਨ ।

ਅਸਲ ਵਿਚ ਅਤਰ ਸਿੰਘ ਦਾ 'ਕੈਰੀਅਰਵਾਦੀ' ਸ਼ੌਕ 1968 ਵਿਚ ਹੀ ਸ਼ੁਰੂ ਨਹੀਂ ਹੁੰਦਾ । ਇਸ ਦਾ ਇਤਿਹਾਸ ਇਸ ਤੋਂ ਵੀ ਦਸ ਸਾਲ ਪੁਰਾਣਾ ਹੈ, ਜਦ 1657-58 ਦੇ ਜ਼ਮਾਨੇ ਵਿਚ ਆਪ ਸਰਕਾਰੀ ਕਾਲਜ ਰੋਪੜ ਵਿਚ ਇਕ ਸਾਧਾਰਨ ਲੈਕਚਰਾਰ ਸਨ ਅਤੇ ਬੀ. ਏ. ਤਕ ਦੀਆਂ ਕਲਾਸਾਂ ਪੜ੍ਹਾਉਂਦੇ ਸਨ । ਉਥੇ ਵੀ ਆਪ ਉਸ ਪ੍ਰਿੰਸੀਪਲ ਦੇ ਮੰਜ਼ੂਰੇ-ਨਜ਼ਰ ਸਨ ਜੋ ਉਸ ਸਮੇਂ ਪੰਜਾਬ ਯੂਨੀਵਰਸਟੀ ਦੇ ਵਾਈਸ ਚਾਂਸਲਰ ਦਾ ਭਰਾ ਸੀ । ਲਿਹਾਜ਼ਾ, ਪ੍ਰੋ: ਅਤਰ ਸਿੰਘ ਪੰਜਾਬ ਯੂਨੀਵਰਸਟੀ ਵਿਚ ਐਮ. ਏ. ਦੀਆਂ ਕਲਾਸਾਂ ਪੜ੍ਹਾਉਣ ਲਈ ਪੰਜਾਬੀ ਦੇ ਪੋਸਟ-ਗ੍ਰੈਜੂਏਟ ਮਹਿਕਮੇ ਵਿਚ ਲੈਕਚਰਾਰ ਨਿਯੁਕਤ ਹੋ ਗਏ । ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਅਤਰ ਸਿੰਘ ਇਕ ਚੰਗੇ ਸਾਹਿਤ-ਪਾਰਖੂ, ਮੇਹਨਤੀ ਅਤੇ ਹੋਣਹਾਰ ਪੁਰਸ਼ ਸਨ, ਜਿਸ ਦਾ ਪਤਾ 1958 ਵਿਚ ਦਿਲੀ ਵਿਖੇ ਹੋਈ **ਕੇਂਦਰੀ ਪੰਜਾਬੀ ਲੇਖਕ ਸਭਾ** ਦੀ ਕਾਨਫ੍ਰੰਸ ਵਿਚ ਪੜ੍ਹੇ ਗਏ ਆਪ ਦੇ ਪਰਚੇ ਤੋਂ ਵੀ ਮਿਲਦਾ ਹੈ । ਉਸ ਸਮੇਂ ਅਤਰ ਸਿੰਘ ਇਕ ਛੀਂਟਕੇ ਸਰੀਰ ਦੇ ਰੇਸ਼ਮੀ ਜਿਹੇ, ਕਰੀਬ ਨਾਜ਼ਕ ਜਿਹੇ, ਗੁਲਾਬ ਦੀਆਂ ਬਗੀਆਂ ਜਹੀਆਂ ਪੱਤੀਆਂ ਦੀ ਭਾਹ ਮਾਰਦੇ, ਸੁਨਹਿਰੀ-ਕੱਕੀ ਜਿਹੀ ਦਾੜ੍ਹੀ ਵਾਲੇ ਨੌਜਵਾਨ ਸਨ । ਉਦੋਂ ਉਹ ਅੱਜ ਵਾਂਗ ਮੂੰਹ ਉਤਾਂਹ ਚੁਕ ਕੇ ਨਹੀਂ ਸਨ ਬੈਠਦੇ, ਸਗੋਂ ਧਰਤੀ ਵਲ ਵਧੇਰੇ ਧਿਆਨ ਰਖਦੇ ਸਨ ।

1961 ਵਿਚ ਜਦ ਹਰਨਾਮ ਸਿੰਘ ਸ਼ਾਨ ਆਪਣੇ ਥੀਸਸ 'ਸੱਸੀ ਹਾਸ਼ਮ' ਦੇ ਅਪ੍ਰਵਾਨ ਹੋ ਜਾਣ ਬਾਅਦ ਵਲਾਇਤ ਚਲੇ ਗਏ (ਇਸ ਬਾਰੇ ਵੇਰਵਾ ਬਲਵੰਤ ਗਾਰਗੀ ਲਿਖਤ **ਨਿੰਮ ਦੇ ਪੱਤੇ** ਦੇ ਲੇਖ 'ਦੁਧ ਵਿਚ ਬ੍ਰਾਂਡੀ' ਤੋਂ ਮਿਲਦਾ ਹੈ) ਅਤੇ ਉਹਨਾਂ ਦੇ ਉਥੋਂ ਡਾਕਟ੍ਰੇਟ ਕਰ ਕੇ ਆਉਣ ਬਾਅਦ ਪੰਜਾਬੀ ਯੂਨੀਵਰਸਟੀ ਵਿਚ ਹੈਡ ਦੇ ਤੌਰ 'ਤੇ ਉਹਨਾਂ ਦੀ ਨਿਯੁਕਤੀ ਹੋਣ ਦੀ ਅਫਵਾਹ ਗਰਮ ਹੋਣ ਲੱਗੀ, ਤਾਂ ਕਹਿੰਦੇ ਹਨ ਕਿ ਪਹਿਲਾਂ ਹੀ ਦੋ ਤਿੰਨ ਸੱਜਣ ਇਸ ਲਈ ਤਤਪਰ ਹੋ ਗਏ ਸਨ ਕਿ ਅਜਿਹੀ ਨਿਯੁਕਤੀ ਨੂੰ ਰੋਕਿਆ ਜਾਵੇ ਤੇ ਇਸ ਬਾਰੇ ਉਹਨਾਂ ਕੁਝ ਹੱਥ-ਪੈਰ ਵੀ ਮਾਰੇ । ਅਤਰ ਸਿੰਘ ਵੀ ਇਹਨਾਂ ਸਜਣਾਂ ਵਿਚ ਸਾਮਲ ਸਨ । ਵੀ. ਸੀ ਨੂੰ ਵੀ ਕੁਝ ਵਿਦਿਆਰਥੀਆਂ ਤੇ ਸਕਾਲਰਾਂ ਵਲੋਂ ਲਿਖਵਾ ਕੇ ਭਿਜਵਾਇਆ ਗਿਆ ਕਿ ਸ਼ਾਨ ਨੂੰ ਨਾ ਕੁਝ ਪੜ੍ਹਾਉਣਾ ਆਉਂਦਾ ਹੈ ਤੇ ਨਾ ਹੀ ਰਿਸਰਚ ਕਰਾਉਣੀ । ਪਰ ਸ਼ਾਨ ਜਦ ਵਲਾਇਤ ਤੋਂ ਵਾਪਸ ਆ ਗਏ ਤੇ ਬਾਅਦ ਵਿਚ ਤਿਵਾੜੀ ਸਾਹਿਬ ਵੀ ਪੰਜਾਬੀ ਮਹਿਕਮੇ ਵਿਚ ਚੰਡੀਗੜ੍ਹ ਪੁਜ ਗਏ ਤਾਂ ਪ੍ਰੋ: ਅਤਰ ਸਿੰਘ ਨੇ ਮੁਕਾਬਲਾ ਸਖਤ ਦੇਖ ਕੇ ਚੰਡੀਗੜ੍ਹ ਛਡ ਕੇ ਪਟਿਆਲੇ ਜਾਣਾ ਠੀਕ ਸਮਝਿਆ ਜਿਥੇ ਦਾਅ ਲਗਣ ਦੀ ਵਧੇਰੇ ਗੁੰਜਾਇਸ਼ ਸੀ । ਉਥੇ ਕੁਝ ਸਮੇਂ ਲਈ ਲੈਕਚਰਾਰ ਰਹਿਣ ਉਪਰੰਤ ਉਹ '**ਪੰਜਾਬੀ ਸਾਹਿਤ



ਅਧਿਅਨ ਵਿਭਾਗ**' ਦੇ ਡਾਇਰੈਕਟਰ ਬਣ ਗਏ । ਏਸੇ ਸਮੇਂ ਆਪ ਨੇ ਅੰਗ੍ਰੇਜ਼ੀ **ਟ੍ਰਿਬਿਊਨ** ਵਿਚ ਪੰਜਾਬੀ ਸਾਹਿਤ ਬਾਰੇ ਲਿਖਣਾ ਸ਼ੁਰੂ ਕੀਤਾ । ਉਸ ਸਮੇਂ ਆਪ ਦੀ ਅੰਗ੍ਰੇਜ਼ੀ ਲਿਖਤ ਅਜੇ ਏਨੀ ਕਾਨੇ-ਤੋੜਵੀਂ ਨਹੀਂ ਸੀ, ਜਿੰਨੀ ਕਿ ਇਹਨਾਂ ਪੰਦਰਾਂ ਸਾਲਾਂ ਦੇ ਅਭਿਆਸ ਨਾਲ ਹੋ ਗਈ ਹੈ, ਕਿਉਂਕਿ ਇਸ ਦੌਰਾਨ ਆਪ ਨੇ ਅੰਗ੍ਰੇਜ਼ੀ ਅਖਬਾਰਾਂ ਵਿਚੋਂ ਸਾਹਿਤ-ਚਰਚਾ ਦੇ ਕਾਲਮਾਂ ਨੂੰ ਪੜ੍ਹ ਪੜ੍ਹ ਕੇ ਸੈਂਕੜੇ ਹੀ ਸਾਹਿਤ-ਆਲੋਚਨਾ ਵਿਚ ਕੰਮ ਆਉਣ ਵਾਲੇ ਟੈਕਨੀਕਲ ਸ਼ਬਦ, ਸਮਾਸ, ਤੁਕਾਂਗ ਆਦਿ ਇਕਠੇ ਕਰ ਲਏ ਹਨ ਜਿੰਨ੍ਹਾਂ ਦੀ ਵਰਤੋਂ ਨਾਲ ਉਚਾ-ਸ਼ਬਦ-ਅਡੰਬਰ (**high-flown verbosity**) ਅਤੇ ਵਿਦਵਤਾ ਦਾ ਅਕੜੇਵਾਂ (**stiff-necked erudition**) ਦਰਸਾਇਆ ਜਾਂਦਾ ਹੈ । ਜਸਬੀਰ ਆਹਲੂਵਾਲੀਆ ਉਹਨੀਂ ਦਿਨੀਂ ਪੰਜਾਬੀ ਯੂਨੀਵਰਸਟੀ ਵਿਚ "ਯੋਜਨਾ ਤੇ ਵਿਕਾਸ" ਮਹਿਕਮੇ ਦੇ ਡਾਇਰੈਕਟਰ ਸਨ ਅਤੇ ਅੰਗ੍ਰੇਜ਼ੀ ਤੇ ਪੰਜਾਬੀ, ਦੋਵੇਂ ਪਾਸੇ ਆਪਣੀ ਵਿਦਵਤਾ ਦਾ ਅਕੜੇਵਾਂ ਜ਼ਾਹਰ ਕਰ ਰਹੇ ਸਨ । ਸੋ ਅਤਰ ਸਿੰਘ ਨੂੰ ਵੀ ਮੁਕਾਬਲੇ ਦੀ ਟੱਕਰ ਦਾ ਪਰਦਰਸ਼ਨ ਕਰਨ ਲਈ ਅੰਗ੍ਰੇਜ਼ੀ ਵਿਚ ਮੂੰਹ ਮਾਰਨਾ ਪਿਆ, ਭਾਵੇਂ ਆਪ ਦੀਆਂ ਪਹਿਲੀਆਂ ਅੰਗ੍ਰੇਜ਼ੀ ਲਿਖਤਾਂ ਦੀ ਸੁਧਾਈ, ਜਿਵੇਂ ਕਿ ਅਕਸਰ ਕਿਹਾ ਜਾਂਦਾ ਹੈ, ਡਾ: ਅਮਰੀਕ ਸਿੰਘ ਕਰ ਦੇਂਦੇ ਸਨ ਜੋ ਉਸ ਸਮੇਂ ਪਟਿਆਲੇ ਹੀ ਅੰਗ੍ਰੇਜ਼ੀ ਵਿਭਾਗ ਦੇ ਮੁਖੀ ਸਨ ।

ਏਸੇ ਪ੍ਰਸੰਗ ਵਿਚ ਇਹ ਗੱਲ ਯਾਦ ਰਖਣ ਵਾਲੀ ਹੈ ਕਿ 1960 ਦੇ ਆਸ-ਪਾਸ ਜਦ ਜਸਬੀਰ ਸਿੰਘ ਆਹਲੂਵਾਲੀਆ ਦਾ ਆਗਮਨ ਪੰਜਾਬੀ ਸਾਹਿਤ ਦੇ ਖਿਤਜ (ਦੁਮੇਲ) ਉਤੇ ਹੋਇਆ, ਅਰਥਾਤ ਕਵਿਤਾ ਤੇ ਆਲੋਚਨਾ ਦੇ ਖੇਤਰ ਵਿਚ, ਤਦ ਤੋਂ ਹੀ ਇਹਨਾਂ ਦੋਵਾਂ ਮਹਾਰਥੀਆਂ ਦੀ ਆਪਸੀ ਤਨਾਉ-ਪੂਰਨ ਟੱਕਰ ਚਲਦੀ ਰਹੀ ਹੈ । ਆਲੋਚਨਾ ਦੇ ਖੇਤਰ ਵਿਚ ਦੋਵੇਂ ਹੀ ਮਾਲੀ ਮਾਰਨ ਲਈ ਮੁਕਾਬਲੇ ਦੇ ਉਮੀਦਵਾਰ ਸਨ । ਦੋਵਾਂ ਨੂੰ ਹੀ ਸੇਖੋਂ ਸਾਹਿਬ ਦੀ ਥਾਪਨਾ ਮਿਲਦੀ ਸੀ— ਆਹਲੂਵਾਲੀਆ ਨੂੰ ਕਵਿਤਾ (ਪ੍ਰਯੋਗਸ਼ੀਲ ਕਵਿਤਾ) ਦੇ ਖੇਤਰ ਵਿਚ, ਅਤਰ ਸਿੰਘ ਨੂੰ ਆਲੋਚਨਾ ਦੇ ਖੇਤਰ ਵਿਚ । ਅਤਰ ਸਿੰਘ ਆਪਣੇ ਆਪ ਨੂੰ ਆਲੋਚਨਾ ਵਿਚ 'ਸੇਖੋਂ ਪ੍ਰੰਪਰਾ' ਦਾ ਵਾਰਸ ਸਮਝਦਾ ਸੀ ਅਤੇ ਆਹਲੂਵਾਲੀਆ ਆਪਣੇ ਆਪ ਨੂੰ ਅਮ੍ਰਿਤਾ-ਮੋਹਨ ਸਿੰਘ ਪ੍ਰੰਪਰਾ ਤੋਂ ਮੁਕਤ ਹੋ ਕੇ ਨਵੀਂ ਲੀਹ (ਪ੍ਰਯੋਗਸ਼ੀਲ, ਨਵੀਂ ਕਵਿਤਾ) ਤੋਰਨ ਵਾਲਾ ਨਵਾਂ ਖਲੀਫਾ । ਇਹਨਾਂ ਵੀਹਾਂ ਸਾਲਾਂ ਵਿਚ ਦੋਵਾਂ ਨੇ ਆਪਣੀ ਆਪਣੀ ਪੈਂਤੜੇਬਾਜ਼ੀ ਦੇ ਕਈ "ਜੌਹਰ" ਵਿਖਾਏ ਹਨ ਅਤੇ ਮੈਦਾਨ ਕਿਸੇ ਹੱਦ ਤੱਕ ਅਤਰ ਸਿੰਘ ਨੇ ਮਾਰਿਆ ਹੈ । ਇੰਜ ਇਸ ਕਰਕੇ ਪਰਤੀਤ ਹੁੰਦਾ ਹੈ ਕਿਉਂਕਿ ਅਤਰ ਸਿੰਘ ਸਥਾਪਤੀ ਨਾਲ ਜੁੜਨ ਤੇ ਟੁੱਟਣ (**'unite & oppose'**) ਦੇ ਸੁਨਹਿਰੀ ਗੁਰ ਦੀ ਡਾਇਲੈਕਟਿਕ ਨੂੰ ਵਧੇਰੇ ਨਿਪੁੰਨਤਾ ਨਾਲ ਸਮਝ-ਸੋਚ ਸਕਦਾ ਹੈ । ਆਹਲੂਵਾਲੀਆ ਲਈ ਉਸ ਦੀ ਅਫਸਰੀ ਤੇ ਪਾਂਡਿਤਣ (**erudition**) ਦੀ ਸ਼ਾਨ ਦਾ ਅਕੜੇਵਾਂ (**arrogance**) ਕੁਝ ਮਾਰੂ ਸਿਧ ਹੋਇਆ, ਜਿਸ ਵਿਚ 'ਜੱਟ-ਬੁਧੀ' ਵਾਲੀ ਹੈਂਕੜ ਵੀ ਸ਼ਾਮਲ ਸੀ, ਜਦ ਕਿ ਅਤਰ ਸਿੰਘ ਦੀ ਭਾਪਾਪੰਥੀ ਲਚਕ ਉਸ ਲਈ ਸਹਾਇਕ ਸਿਧ ਹੋਈ ਹੈ ।

ਮੁਕਾਬਲਾ ਜਾਰੀ ਰਖਦੇ ਹੋਏ 1969 ਦੇ ਕਰੀਬ ਜਦ ਆਹਲੂਵਾਲੀਆ ਨੇ ਅੰਗ੍ਰੇਜ਼ੀ ਦੀ ਡਾਕਟਰੇਟ ਲਈ ਖੋਜ ਸ਼ੁਰੂ ਕਰ ਦਿਤੀ ਅਤੇ ਇਸ ਸਿਲਸਿਲੇ ਵਿਚ ਆਪਣੀ ਬਦਲੀ ਚੰਡੀਗੜ੍ਹ ਕਰਾ ਲਈ ਤਾਂ ਅਤਰ ਸਿੰਘ ਨੇ ਵੀ ਪਟਿਆਲਾ ਛਡ ਕੇ ਦਿੱਲੀ ਯੂਨੀਵਰਸਟੀ ਵਿਚ ਲੈਕਚਰਾਰ ਦੀ ਆਸਾਮੀ ਕਬੂਲ ਕਰ ਦੇ ਨਾਲ ਹੀ ਖੋਜ-ਵਿਸ਼ੇ ਉਤੇ ਕੰਮ ਸ਼ੁਰੂ ਕਰ ਦਿੱਤਾ । ਲਗ-ਭਗ ਇਕਠਿਆਂ ਹੀ ਦੋਵਾਂ ਨੇ ਡਾਕਟ੍ਰੇਟ ਪ੍ਰਾਪਤ ਕੀਤੀ, ਇਕ ਨੇ ਅੰਗ੍ਰੇਜ਼ੀ ਵਿਚ, ਦੂਜੇ ਨੇ ਪੰਜਾਬੀ ਵਿਚ । ਪਰ ਜਿਥੇ

ਅਤਰ ਸਿੰਘ ਸਥਾਪਤੀ ਦੀ ਸਹਾਇਤਾ ਨਾਲ ਪੰਜਾਬ ਯੂਨੀਵਰਸਟੀ ਚੰਡੀਗੜ੍ਹ ਵਿਖੇ ਅੰਗ੍ਰੇਜ਼ੀ-ਪੰਜਾਬੀ ਕੋਸ਼ ਦੇ ਮਹਿਕਮੇ ਦੇ ਮੁਖੀ ਸਥਾਪਤ ਹੋ ਗਏ, ਡਾ: ਆਹਲੂਵਾਲੀਆ ਅੰਗ੍ਰੇਜ਼ੀ ਵਿਭਾਗ ਵਿਚ ਰੀਡਰ ਦੀ ਪਦਵੀ ਪਰਾਪਤ ਨਾ ਕਰ ਸਕੇ। ਦੋ ਸਾਲ ਦੇ ਅੰਦਰ ਹੀ ਡਿਗਰੀ ਹਾਸਲ ਕਰਨ ਲਈ ਅਤੇ ਦਿਲੀ ਯੂਨੀਵਰਸਟੀ ਵਿਚ ਨੌਕਰੀ ਲਈ ਅਤਰ ਸਿੰਘ ਨੂੰ ਡਾ: ਹਰਿਭਜਨ ਸਿੰਘ ਦੀ ਸਹਾਇਤਾ ਵੀ ਮਿਲੀ ਸੀ, ਕਿਉਂਕਿ ਇਸ ਤੋਂ ਪਹਿਲਾਂ ਅਤਰ ਸਿੰਘ ਆਪਣੀ ਕਲਮ ਨਾਲ ਹਰਿਭਜਨ ਸਿੰਘ ਨੂੰ ਇਕ 'ਆਧੁਨਿਕ ਕਵੀ' ਦੇ ਤੌਰ 'ਤੇ ਸਥਾਪਤ ਕਰਨ ਲਈ ਮਦਦ ਦੇ ਚੁਕੇ ਸਨ। ਕਹਿੰਦੇ ਹਨ ਕਿ ਅਤਰ ਸਿੰਘ ਮੂੰਹ ਨਾਲ ਤਾਂ ਇਹ ਕਹਿੰਦੇ ਰਹੇ ਸਨ (ਸੇਖੋਂ, ਮੋਹਨ ਸਿੰਘ ਆਦਿ ਮਿਤਰਾਂ ਨਾਲ ਗਲਾਂ ਕਰਦੇ ਹੋਏ) ਕਿ ਮੀਸ਼ਾ, ਹਰਿਭਜਨ ਸਿੰਘ ਨਾਲੋਂ ਚੰਗਾ ਕਵੀ ਹੈ ਪਰ ਆਪਣੀ ਕਲਮ ਨਾਲ ਉਹ ਕਦੇ ਵੀ ਇਹ ਲਿਖਣ ਲਈ ਤਿਆਰ ਨਹੀਂ ਸਨ, ਕਿਉਂਕਿ ਉਹਨਾਂ ਲਈ ਹਰਿਭਜਨ ਸਿੰਘ ਵਧੇਰੇ ਸਹਾਇਕ ਸਿਧ ਹੋ ਸਕਦੇ ਸਨ। ਇਹ ਹੈ ਡਾਕਟਰ ਸਾਹਿਬ ਦੀ ਬੌਧਿਕ ਇਮਾਨਦਾਰੀ ਦੀ ਨਿਕੀ ਜਿਹੀ ਉਦਾਹਰਨ। ਅਜਿਹੀਆਂ ਮਿਸਾਲਾਂ ਹੋਰ ਵੀ ਬਹੁਤ ਹਨ।

ਅੰਤਰ ਸਿੰਘ ਇਕ ਪਾਸੇ ਗੁਰਬਖਸ਼ ਸਿੰਘ ਜਿਹੇ ਸੁਥਰਾ ਲਿਖਣ ਵਾਲੇ ਤੇ ਪ੍ਰੀਤ ਨੂੰ ਕੇਵਲ ਇਕ ਪਛਾਣ ਦੱਸਣ ਵਾਲੇ ਨੂੰ "ਮੁਕਤੀ ਦਾਤਾ" ਕਹਿੰਦੇ ਹਨ ਤੇ ਦੂਜੇ ਪਾਸੇ ਏਸੇ ਗੁਰਬਖਸ਼ ਸਿੰਘ ਦਾ ਇਕ ਨਾਵਲ ਵਿਚ ਮਜ਼ਾਕ ਉਡਾਣ ਵਾਲੇ ਅਤੇ ਨੰਗੇਜ ਚਿਤਰਨ ਵਾਲੇ ਮੋਹਨ ਕਾਹਲੋਂ ਨੂੰ ਇਕ ਵਡਾ ਯਥਾਰਥਵਾਦੀ ਗਲਪਕਾਰ ਕਹਿੰਦੇ ਹਨ।

ਪਿਛਲੇ ਦਸਾਂ ਸਾਲਾਂ ਤੋਂ ਅਤਰ ਸਿੰਘ ਕਦੇ ਕਮਿਊਨਿਸਟਾਂ ਦੇ ਨੇੜੇ ਹੁੰਦੇ ਰਹੇ ਹਨ, ਕਦੇ ਕਾਂਗਰਸੀ ਜਾਂ ਅਕਾਲੀ ਹਾਕਮਾਂ ਦੇ। ਕਮਿਊਨਿਸਟਾਂ ਦੀ ਸਹਾਇਤਾ ਨਾਲ ਐਫਰੋ-ਏਸ਼ੀਅਨ ਲੇਖਕਾਂ ਦੀ ਕਿਸੇ ਵਿਦੇਸ਼ ਮਿਲਣੀ ਵਿਚ ਸ਼ਾਮਲ ਹੋਣਾ ਹੋਇਆ, ਜਾਂ ਰੂਸ-ਯਾਤਰਾ ਦੇ ਯੋਗ ਹੋਣਾ ਹੋਇਆ ਜਾਂ ਕੇਂਦਰੀ ਲੇਖਕ ਸਭਾ ਦੀ ਜਨਰਲ ਸਕਤਰੀ ਲੈਣੀ ਹੋਈ ਅਤੇ ਏਸੇ ਤਰ੍ਹਾਂ ਕਿਸੇ ਮੁਖ ਮੰਤਰੀ ਜਾਂ ਮੰਤਰੀ ਜਾਂ ਸਪੀਕਰ ਜਾਂ ਗਵਰਨਰ ਦਾ ਭਾਸ਼ਨ ਤਿਆਰ ਕਰ ਕੇ, ਜਾਂ ਕਸੀਦਾ ਲਿਖ ਕੇ, ਜਾਂ ਕੋਈ ਹੋਰ ਬ੍ਰਿਤੀ ਕਰ ਕੇ ਕੋਈ ਕੰਮ ਕਢਣਾ ਹੋਇਆ—ਇਹ ਸਭ ਸਿਆਸੀ ਕਾਰਗੁਜ਼ਾਰੀ ਦਾ ਸੇਵਾ-ਫਲ ਹੈ। 1972 ਵਿਚ ਜਦ ਡਿਕਸ਼ਨਰੀ ਵਿਭਾਗ ਵਿਚ ਅਤਰ ਸਿੰਘ ਦੀ ਨਿਯੁਕਤੀ ਉਤੇ ਮੁਹਰ ਲਾਉਣ ਦਾ ਸਵਾਲ ਯੂਨੀਵਰਸਟੀ ਸੈਨਟ ਵਿਚ ਆਇਆ, ਤਾਂ ਇਕ ਪ੍ਰਿੰਸੀਪਲ ਸੱਜਣ ਨੇ ਇਸ ਦਾ ਵਿਰੋਧ ਕਰਦੇ ਹੋਏ ਉਸ ਅੰਗ੍ਰੇਜ਼ੀ-ਪੰਜਾਬੀ ਡਿਕਸ਼ਨਰੀ ਦੇ ਹਵਾਲੇ ਦਿਤੇ ਜੋ ਪੰਜਾਬੀ ਯੂਨੀਵਰਸਿਟੀ ਵਲੋਂ ਤਿਆਰ ਹੋਈ ਅਤੇ ਜਿਸ ਦੇ ਸੰਪਾਦਕਾਂ ਵਿਚ ਇਕ ਡਾ: ਅਤਰ ਸਿੰਘ ਵੀ ਸਨ। ਉਹਨਾਂ ਨੇ ਪੁਰਜ਼ੋਰ ਆਵਾਜ਼ ਵਿਚ ਅਤਰ ਸਿੰਘ ਦੇ ਕੀਤੇ ਹੋਏ ਕੰਮ ਦੀ ਨਿਖੇਧੀ ਕੀਤੀ, ਪਰ ਦੂਜੇ ਪਾਸੇ ਡਾ: ਗੋਪਾਲ ਸਿੰਘ ਦਰਦੀ ਨੇ ਬੜੇ ਜ਼ੋਰਦਾਰ ਸ਼ਬਦਾਂ ਵਿਚ ਅਤਰ ਸਿੰਘ ਦੀ ਹਿਮਾਇਤ ਕੀਤੀ। ਜੋੜਨ ਵਾਲੇ ਸੰਬੰਧ ਕੁਝ ਇਸ ਤਰ੍ਹਾਂ ਜੋੜਦੇ ਹਨ ਕਿ ਡਾ: ਦਰਦੀ ਆਪਣੀ ਸਾਹਿਤ ਰਚਨਾ ਲਈ **ਗਿਆਨ-ਪੀਠ** ਦਾ ਇਕ ਲੱਖੀ ਇਨਾਮ ਲੈਣ ਦੇ ਬੜੇ ਇੱਛਕ ਰਹੇ ਹਨ, ਜਦ ਕਿ ਡਾ: ਅਤਰ ਸਿੰਘ ਗਿਆਨ-ਪੀਠ ਦੀ ਕਮੇਟੀ ਵਿਚ ਪੰਜਾਬੀ ਸਾਹਿਤ ਦੇ ਪ੍ਰਤੀਨਿਧ ਦੇ ਤੌਰ 'ਤੇ ਬਰਾਜਮਾਨ ਹਨ। ਗਿਆਨ-ਪੀਠ ਦਾ ਇਨਾਮ ਕਿਸ ਨੂੰ ਨਹੀਂ ਸੀ ਚਾਹੀਦਾ—ਅੰਮ੍ਰਿਤਾ ਨੂੰ, ਮੋਹਨ ਸਿੰਘ ਨੂੰ, ਗੁਰਬਖਸ਼ ਸਿੰਘ ਨੂੰ, ਹਰਿਭਜਨ ਸਿੰਘ ਨੂੰ, ਸੇਖੋਂ ਨੂੰ, ਦਰਦੀ ਨੂੰ ?

ਇਸ ਸਿਲਸਲੇ ਵਿਚ ਇਕ ਵਾਕਿਆ ਇਸ ਪ੍ਰਕਾਰ ਹੈ : ਇਹ ਉਸ ਸਮੇਂ ਦੀ ਗੱਲ ਹੈ ਜਦ ਆਹਲੂਵਾਲੀਆ 1974-75 ਵਿਚ ਅਕਾਲੀਆਂ ਨਾਲ ਕੁਝ ਗੰਢ-ਤੁਪ ਕਰ ਰਹੇ ਸਨ। ਇਕ ਦਿਨ



ਜਦ ਅਤਰ ਸਿੰਘ ਮੁਖ ਮੰਤਰੀ ਪਾਸ ਖੜੇ ਸਨ ਤਾਂ ਆਹਲੂਵਾਲੀਆ ਵੀ ਆ ਟਪਕੇ ਅਤੇ ਪੈਂਦਿਆਂ ਹੀ ਅਤਰ ਸਿੰਘ ਨੇ ਕਿਹਾ, "ਆਹਲੂਵਾਲੀਆ ਜੀ, ਤੁਹਾਡੇ ਸਿੱਖ ਹੋਮਲੈਂਡ ਵਾਲਿਆਂ ਦਾ ਕੀ ਹਾਲ ਹੈ ? ਅਤਰ ਸਿੰਘ ਦਾ ਮਤਲਬ ਮੁਖ ਮੰਤਰੀ ਨੂੰ ਇਹ ਦੱਸਣਾ ਸੀ ਕਿ ਆਹਲੂਵਾਲੀਆ ਸ: ਕਪੂਰ ਸਿੰਘ ਹੋਰਾਂ ਦੇ 'ਸਿੱਖ ਹੋਮਲੈਂਡ' ਦਾ ਸਮਰਥਕ ਹੈ। ਤੀਰ ਨਿਕਲਿਆ ਅਤੇ ਟਿਕਾਣੇ 'ਤੇ ਹੀ ਵੱਜਾ। ਆਹਲੂਵਾਲੀਆ ਨੂੰ ਰੜਕ ਤਾਂ ਹੋਈ, ਪਰ ਉਸ ਸਮੇਂ ਮੁਖ ਮੰਤਰੀ ਸਾਹਵੇਂ ਉਹ ਕੀ ਕਹਿ ਸਕਦੇ ਸਨ ? **'ਪੰਜ ਪਾਣੀ'** ਦੇ 'ਗਿਆਨੀ ਜ਼ੈਲ ਸਿੰਘ ਅੰਕ' ਵਿਚ ਪ੍ਰਕਾਸ਼ਤ ਡਾ: ਅਤਰ ਸਿੰਘ ਦੇ ਉਸ ਲੇਖ ਨੂੰ ਆਹਲੂਵਾਲੀਆ ਨੇ ਆਪਣੀ ਰੜਕ ਕਢਣ ਲਈ ਵਰਤਿਆ ਜਿਸ ਵਿਚ ਅਤਰ ਸਿੰਘ ਨੇ ਲਿਖਿਆ ਸੀ ਕਿ ਗਿਆਨੀ ਜ਼ੈਲ ਸਿੰਘ ਨੇ ਪੰਜਾਬ ਵਿਚ 'ਜੱਟਵਾਦ' ਨੂੰ ਖਤਮ ਕਰਨ ਦਾ ਵਡਾ ਉਪਰਾਲਾ ਕੀਤਾ ਹੈ। ਆਹਲੂਵਾਲੀਆ ਨੇ ਇਹ ਲੇਖ ਲੁਧਿਆਣੇ ਦੀ ਬਾਰ ਕੌਂਸਲ ਵਿਚ ਆਪਣੇ ਮਿਤਰਾਂ ਨੂੰ ਦਿਖਾਇਆ ਅਤੇ ਕਿਹਾ ਕਿ ਇਸ ਲੇਖ ਵਿਚ ਪੰਜਾਬ ਦੇ ਜੱਟਾਂ ਦਾ ਅਪਮਾਨ ਕੀਤਾ ਗਿਆ ਹੈ। ਵਕੀਲਾਂ ਦਾ ਇਕ ਡੈਪੂਟੇਸ਼ਨ ਚੰਡੀਗੜ੍ਹ ਪ੍ਰਸ਼ਾਸਨ ਦੇ ਮੁਖੀ ਨੂੰ ਮਿਲਿਆ ਅਤੇ ਲੇਖ ਨੂੰ ਵਖ ਵਖ ਫਿਰਕਿਆਂ ਵਿਚ ਨਫ਼ਰਤ ਫੈਲਾਉਣ ਦਾ ਸਾਧਨ ਕਰਾਰ ਦਿਤਾ ਗਿਆ। ਕੁਝ ਦਿਨ ਤਾਂ ਅਤਰ ਸਿੰਘ ਹੋਰਾਂ ਨੂੰ ਵਖਤ ਪਿਆ ਰਿਹਾ। ਦੋਵਾਂ ਆਲੋਚਕਾਂ ਦਾ ਪਹਿਲਾ ਮੁਕਾਬਲਾ ਹੀ ਇਕ ਲੇਖਕ ਗੋਸ਼ਟੀ ਵਿਚ ਬਾਹਾਂ ਚੜ੍ਹਾ ਕੇ ਚੈਲੇਂਜਬਾਜ਼ੀ ਨਾਲ ਸ਼ੁਰੂ ਹੋਇਆ ਸੀ ਤੇ ਫੇਰ ਚੱਲ-ਸੋ-ਚੱਲ—ਜੇ ਇਕ ਨੇ 'ਪ੍ਰਯੋਗਸ਼ੀਲ ਲਹਿਰ' ਚਲਾਈ ਤਾਂ ਦੂਜਾ 'ਪ੍ਰਗਤੀਸ਼ੀਲਾਂ' ਨਾਲ ਜਾ ਜੁੜਿਆ; ਇਕ 'ਆਲੋਚਨਾ' ਦਾ ਸੰਪਾਦਕ ਹੋਇਆ ਤਾਂ ਦੂਜੇ ਨੇ 'ਪੰਜ ਦਰਿਆ' ਹੀ ਖਰੀਦ ਲਿਆ (ਦੇਵਿੰਦਰ ਸਿੰਘ ਗਰਚਾ ਦੇ ਰਾਹੀਂ), ਇਕ ਡਾਕਟਰੀ ਕਰਨ ਲੱਗਾ ਤੇ ਦੂਜਾ ਵੀ ਕਰਨ ਲਗ ਪਿਆ।

ਹਰਿਭਜਨ ਸਿੰਘ ਨਾਲ ਅਤਰ ਸਿੰਘ ਦੇ ਮੇਲ ਦੀ ਮਿਸਾਲ ਵੀ ਸੀ. ਪੀ. ਆਈ. ਦੇ 'ਜੋੜ ਤੇ ਵਿਰੋਧ' (**unite and struggle**) ਵਰਗੀ ਇਕ ਕਲਾਸੀਕਲ ਉਦਾਹਰਨ ਹੈ। ਜਿੰਨਾਂ ਚਿਰ ਦੋਵਾਂ ਨੂੰ ਇਕ ਦੂਜੇ ਦੀ ਲੋੜ ਸੀ, ਜੁੜੇ ਰਹੇ। ਜਦ ਦੋਵੇਂ 'ਬਾਲਿਗ' ਹੋ ਗਏ, ਦੋਵੇਂ ਵਖ ਵਖ ਯੂਨੀਵਰਸਟੀਆਂ ਵਿਚ ਵਿਭਾਗ-ਮੁਖੀ ਬਣ ਗਏ, ਖਲੀਫਾਗੀਰੀ ਵੀ ਵਖਰੀ ਹੋ ਗਈ, ਸਿੱਖੀ-ਸੇਵਕੀ ਵੀ ਅੱਡ-ਅੱਡ; ਇਕ ਨੇ ਜ਼ੈਲ ਸਿੰਘ ਦਾ ਲੜ ਫੜਿਆ, ਦੂਜੇ ਨੇ ਢਿਲੋਂ ਦਾ; ਇਕ ਸੰਰਚਨਾਵਾਦ ਦਾ ਖਲੀਫਾ ਹੋ ਨਿਬੜਿਆ, ਦੂਜਾ ਪ੍ਰਗਤੀਸ਼ੀਲ-ਮੌਕਾਪ੍ਰਸਤ ਸਿਆਸੀ-ਸਾਹਿਤਕ-ਪਤਰਕਾਰ ਮਿਲਗੋਭੇ ਦਾ ਮੂਰਤ ਰੂਪ। ਇਕ, ਦੂਜੇ ਦਾ ਖੁਲ੍ਹ ਕੇ ਵਿਰੋਧ ਨਹੀਂ ਕਰਦਾ, ਪਰ ਇਕ ਦੇ ਪੈਰੋਕਾਰ ਦੂਜੇ ਦਾ ਅਤੇ ਉਸ ਦੇ ਪੈਰੋਕਾਰਾਂ ਦਾ ਗਿਣਿਆ ਮਿਥਿਆ ਵਿਰੋਧ ਜ਼ਰੂਰ ਕਰਦੇ ਹਨ। ਇਸ ਤਰ੍ਹਾਂ ਸਾਡੀਆਂ ਯੂਨੀਵਰਸਟੀਆਂ ਦੇ ਪੰਜਾਬੀ ਵਿਭਾਗਾਂ ਵਿਚ ਇਕ ਨਵੀਂ ਪ੍ਰਕਾਰ ਦੀ ਕੁੜਮਾਚਾਰੀ ਕੁਝ ਸਾਲਾਂ ਤੋਂ ਹੋਂਦ ਵਿਚ ਆਈ ਹੈ।

**—ਪੰਕਜ ਨਿਰਮੋਹੀ, ਚੰਡੀਗੜ੍ਹ**

o ਭੁਪਿੰਦਰ ਖਹਿਰਾ ਦਾ ਜਿਹੜਾ ਲੇਖ ਤੁਸੀਂ ਸੁਰਜੀਤ ਲੀ ਦੇ ਲੇਖ ਦੇ ਵਿਰੁਧ ਛਾਪਿਆ ਹੈ, ਉਸ ਦੀ ਪੱਧਰ ਅਤਿਅੰਤ ਨੀਵੀਂ ਹੈ। ਇਹ ਲੇਖ ਪਾਠਕਾਂ ਨੂੰ ਕੋਈ 'ਸੇਧ' ਦੇਣ ਦੀ ਖ਼ਾਤਰ ਨਹੀਂ ਲਿਖਿਆ ਲਗਦਾ, ਸਗੋਂ ਇਉਂ ਲਗਦਾ ਹੈ ਜਿਵੇਂ ਉਸਨੇ ਸੁਰਜੀਤ ਲੀ ਨਾਲ ਕੋਈ ਜਾਤੀ ਦੁਸ਼ਮਣੀ ਕੱਢਣੀ ਹੋਵੇ। ਇਸ ਤਰ੍ਹਾਂ ਲਗਦਾ ਹੈ ਜਿਵੇਂ ਖਹਿਰਾ, ਸੁਰਜੀਤ ਲੀ ਨੂੰ ਘਟੀਆ ਇਨਕਲਾਬੀ ਅਤੇ ਘਟੀਆ 'ਸੰਰਚਨਾਵਾਦੀ' ਸਿੱਧ ਕਰਨਾ ਚਾਹੁੰਦਾ ਹੋਵੇ। ਪਰ ਸੁਰਜੀਤ ਲੀ ਨੇ ਆਪਣੇ ਲੇਖ ਵਿਚ ਕਿਤੇ ਵੀ 'ਇਨਕਲਾਬੀ' ਜਾਂ 'ਸੰਰਚਨਾਵਾਦੀ' ਹੋਣ ਦਾ ਦਾਅਵਾ ਨਹੀਂ ਕੀਤਾ। ਖਹਿਰਾ ਸਾਹਿਬ

ਇਹ ਦੱਸਣ ਦੀ ਖ਼ੇਚਲ ਕਰਨ ਕੀ 'ਸੰਰਚਨਾਵਾਦ' ਏਨੀ ਹੀ ਮਾੜੀ ਚੀਜ਼ ਹੈ ਜਿਸ ਤੋਂ ਸਾਨੂੰ ਦੂਰ ਰਹਿਣਾ ਚਾਹੀਦਾ ਹੈ। ਮੈਂ ਸੰਰਚਨਾਵਾਦ ਦੀ ਵਕਾਲਤ ਨਹੀਂ ਕਰਦਾ; ਮੈਨੂੰ ਸਿਰਫ਼ ਖ਼ਹਿਰਾ ਸਾਹਿਬ ਦੇ ਕਹਿਣ ਦੇ ਢੰਗ ਉਤੇ ਇਤਰਾਜ਼ ਹੈ। ਉਸ ਦੇ ਲੇਖ ਵਿਚ ਵਰਤੇ ਹੋਏ ਸ਼ਬਦ 'ਦੱਲੇ', 'ਖ਼ੋਤੀ', 'ਫਿੱਟੇ ਮੂੰਹ' ਆਦਿ ਕਾਫੀ ਚੁਭਦੇ ਹਨ। **ਸੇਧ** ਵਰਗੇ ਸਿਆਣੇ ਪਰਚੇ ਵਿਚ ਇਸ ਤਰ੍ਹਾਂ ਦੇ ਸ਼ਬਦ ਪੜ੍ਹ ਕੇ ਮਨ ਨੂੰ ਨਿਰਾਸ਼ਾ ਹੋਈ ਹੈ। **—ਰੁਲੀਆ ਸਿੰਘ ਸਿੱਧੂ, ਪੰਜ ਗਰਾਈਂ ਕਲਾਂ**

o **ਲੋਕਯਾਨਿਕ ਪ੍ਰਭੂਤਵ ਤੇ ਆਲੋਚਕ** : ਜਦੋਂ ਕੋਈ ਰਚਨਾ ਪੁਸਤਕ ਦਾ ਜਾਮਾ ਪਹਿਨ ਕੇ ਪਾਠਕਾਂ ਅੱਗੇ ਆ ਜਾਂਦੀ ਹੈ ਤਾਂ ਉਹ ਜਿੱਥੇ ਸਮੁੱਚੀ ਸਾਹਿਤਕ ਸੰਸਕ੍ਰਿਤੀ ਦਾ ਅੰਗ ਬਣ ਜਾਂਦੀ ਹੈ, ਉਥੇ ਪਾਠਕ ਵਰਗ ਦਾ ਵੀ। ਉਸ ਰਚਨਾ ਉਤੇ ਕਿੰਤੂ ਜਾਂ ਪ੍ਰਾਪਤੀ ਉਤੇ ਉਸਾਰੂ ਚਰਚਾ ਕਰਨੀ ਉਸ ਰਚਨਾ ਦੇ ਵਡਭਾਗੀ ਹੋਣ ਵੱਲ ਹੀ ਇੰਗਤ ਕਰਦੀ ਹੈ। ਰਚਨਾਕਾਰ ਦਾ ਆਪਣੀ ਊਣਤਾਈ ਸੁਣ ਕੇ ਵਿਸਫੋਟ ਹੋਣਾ ਰਚਨਾਕਾਰ ਦੀ ਅੰਦਰਲੀ ਕਮਜ਼ੋਰੀ ਦਾ ਬੋਧ ਕਰਵਾਉਂਦਾ ਹੈ ਜਾਂ ਸੰਵਾਦ-ਕਰਤਾ ਨਾਲ ਆਪਸੀ ਦੈਨਿਕ ਜ਼ਿੰਦਗੀ ਵਿਚਲੀ ਕਿਸੇ ਪ੍ਰਕਾਰ ਦੀ ਈਰਖਾ ਦਾ। ਪੰਜਾਬੀ ਲੋਕਯਾਨ 'ਤੇ ਪਹਿਲੀ ਵਾਰ ਵਣਜਾਰਾ ਬੇਦੀ ਨੇ ਸਾਲਾਂ ਬੱਧੀ ਘਾਲਣਾ ਰਾਹੀਂ ਕੁਝ ਪ੍ਰਾਪਤੀ ਕੀਤੀ ਹੈ। ਬੇਦੀ ਦੀ ਇਹ ਪ੍ਰਾਪਤੀ ਪੰਜਾਬੀਆਂ ਲਈ ਲੋਕਯਾਨ ਦੇ ਖੇਤਰ ਵਿਚ ਵਿਰਾਸਤ ਬਣ ਗਈ ਹੈ। ਇਸ ਪ੍ਰਾਪਤੀ ਵਿਚ ਵਿਕਾਸ ਤੇ ਨਿਖਾਰ ਇਸ ਨਾਲ ਸੰਬਾਦਕ ਰਿਸ਼ਤੇ ਵਿਚੋਂ ਹੀ ਆਵੇਗੀ, ਕਿਸੇ ਅੰਨ੍ਹੇ-ਵਿਸ਼ਵਾਸ ਵਾਲੇ ਰਿਸ਼ਤੇ ਵਿਚੋਂ ਨਹੀਂ। ਅੰਨ੍ਹੇ-ਵਿਸ਼ਵਾਸ ਵਾਲੀ ਬਿਰਤੀ 'ਚੋਂ ਖ਼ੁਦਗਰਜ਼ੀ ਦੀ ਭਾਲ ਕੀਤੀ ਜਾ ਸਕਦੀ ਹੈ ਜਾਂ ਖੜੋਤੀ ਹੋਈ ਸੋਚ ਦੀ।

ਸੋਬਤੀ ਨੇ **ਸੇਧ** ਵਿਚ ਆਪਣੀ ਬੁੱਧੀ ਰਾਹੀਂ ਜੋ ਕੁਝ ਕਹਿਣ ਦੀ ਕੋਸ਼ਿਸ਼ ਕੀਤੀ ਹੈ ਤਾਂ ਬੇਦੀ ਸਾਹਿਬ ਨੂੰ ਉਸ ਦੇ ਵਿਚਾਰਾਂ ਦਾ ਇਸਤਕਬਾਲ ਕਰਨਾ ਚਾਹੀਦਾ ਸੀ। ਲੇਖਕ ਦਾ ਫਰਜ਼ ਇਹ ਬਣਦਾ ਹੈ ਕਿ ਉਹ ਕਿੰਤੂ ਵਾਲੇ ਕਰਨ ਨੂੰ ਸਮਝੇ ਕਿ ਉਹ ਕੀ ਕਹਿਣਾ ਚਾਹੁੰਦਾ ਹੈ, ਨਾ ਕਿ ਉਸ ਵਲੋਂ ਉਠਾਏ ਗਏ ਸੁਆਲਾਂ 'ਤੇ ਅੱਗ ਬਬੂਲਾ ਹੋ ਜਾਏ। ਜਿਹੜਾ ਲੇਖਕ, ਆਲੋਚਕ ਦੀ ਸੋਚ ਨੂੰ ਐਦਾਂ ਦੇ ਭੈਦਾਇਕ ਮਾਹੌਲ ਰਾਹੀਂ ਖਤਮ ਕਰਨੀ ਚਾਹੁੰਦਾ ਹੈ, ਸਮਝੋ ਉਹ 'ਆਪਾ ਭਾਰੂ ਕਰਨ' ਦੀ ਪ੍ਰਵਿਰਤੀ ਦਾ ਸ਼ਿਕਾਰ ਹੈ ਤੇ ਆਲੋਚਕ ਦੀ ਆਜ਼ਾਦ ਸੋਚਣੀ ਨੂੰ ਕੁਚਲਣਾ ਚਾਹੁੰਦਾ ਹੈ। ਅਜਿਹਾ ਸੁਭਾਅ ਰੂਲਿੰਗ ਕਲਾਸ ਦੇ ਪ੍ਰਤਿਬਿੰਬ ਦਾ ਪ੍ਰਤਿਬਿੰਬ ਹੈ, ਜਿਹੜਾ ਕਿ ਘਾਤਕ ਹੈ।

ਬੇਦੀ ਸਾਹਿਬ ਸਾਡੇ ਸਭ ਦੇ ਸਾਹਿਤਕ ਲੋਕਯਾਨਿਕ ਬਾਪੂ ਜੀ ਹਨ। ਇਨ੍ਹਾਂ ਦੀ ਚਰਨਬੰਦਨਾਂ ਅਸੀਂ ਸਭ ਦਿਲੋਂ ਕਰਦੇ ਹਾਂ। ਇਨ੍ਹਾਂ ਦੇ ਵਿਅਕਤਿਤ੍ਵ ਤੇ ਕਰਤਿਤ੍ਵ ਦੀ ਪ੍ਰਸੰਸਾ ਪਿੱਠ ਪਿੱਛੇ ਕਰਦੇ ਹਾਂ, ਤੇ ਨਿਧੜਕ ਕਰਦੇ ਹਾਂ। ਪਰ ਜੇ ਕਿਸੇ ਭਰਾ ਨੇ ਕੋਈ ਕਿੰਤੂ ਕੀਤਾ ਹੈ (ਉਹ ਕਿੰਤੂ ਠੀਕ ਹੈ ਜਾਂ ਗਲਤ) ਉਸ ਨੂੰ ਆਉਣ ਦਿਉ। ਬੇਦੀ ਸਾਹਿਬ ਨੂੰ ਮਾਰਚ 1980 ਦੇ **ਪਰੰਪਰਾ** ਅੰਕ ਵਿਚ ਐਦਾਂ ਸੋਬਤੀ ਦਾ ਸ਼ੋਰਬਾ ਨਹੀਂ ਸੀ ਬਣਾਉਣਾ ਚਾਹੀਦਾ, ਜ਼ਰਾ ਸੰਜਮ ਤੇ ਹਲੀਮੀ ਤੋਂ ਕੰਮ ਲੈਣਾ ਚਾਹੀਦਾ ਸੀ। ਅਜਿਹੀ ਘਾਤਕ ਸੋਚ ਸਾਡੇ ਸਾਰੇ ਅਕਾਦਮਿਕ ਮਾਹੌਲ 'ਤੇ ਛਾਈ ਹੋਈ ਹੈ। ਇਹ ਇਕ ਵੱਡਾ ਸੰਕਟ ਹੈ। ਇਹੋ ਕਾਰਨ ਹੈ ਕਿ ਪੰਜਾਬੀ ਵਿਚ ਆਲੋਚਨਾ-ਜਗਤ ਬੰਦ ਪਿਆ ਹੈ ਜਾਂ ਸੁੰਗੜਿਆ ਪਿਆ ਹੈ। ਹਰ ਖੋਜ-ਵਿਦਿਆਰਥੀ ਦੀ ਸੋਚ ਭੈਦਾਇਕ ਮਾਹੌਲ ਵਿਚੋਂ ਵਿਗਸ ਰਹੀ ਹੈ। ਸਾਰੇ ਦੇ ਸਾਰੇ ਬੰਦੇ ਗੁਲਾਮ ਸੋਚਣੀ ਵਿਚੋਂ ਖੋਜ ਕਰ ਰਹੇ ਹਨ। ਕਿੰਨੇ ਕੁ ਪੰਜਾਬੀ ਦੇ ਖੋਜ ਵਿਦਿਆਰਥੀਆਂ ਦਾ ਕੰਮ ਪੀ. ਐਚ. ਡੀ. ਦੇ ਪੱਧਰ ਦਾ ਹੈ? ਜਾਂ ਤਾਂ ਉਨ੍ਹਾਂ ਨੇ ਆਪਣੇ ਆਰਥਕ ਸੰਕਟ ਨੂੰ ਹੱਲ



ਕਰਨ ਲਈ ਆਪਣੇ ਸਮੇਂ ਨਾਲ ਰੇਪ ਕੀਤਾ ਹੈ ਜਾਂ ਆਪਣੇ ਬਾਸ ਨੂੰ ਮੁੜ ਸਥਾਪਤ ਕੀਤਾ ਹੈ। ਕਿਸੇ
ਸ਼ਖ਼ਸ ਦਾ ਖੋਜ ਨਾਲ ਕਿੰਨਾ ਕੁ ਵਾਸਤਾ ਹੈ ਇਸ ਨੂੰ ਛੱਡ ਦਿਉ। ਇਸ ਨੂੰ ਹਰ ਸੂਝਵਾਨ ਪੰਜਾਬੀ
ਜਾਣਦਾ ਹੈ। ਅਜ ਪੀ. ਐਚ. ਡੀ. ਦੀ ਡਿਗਰੀ ਕਿਸੇ ਲਿਆਕਤ ਦਾ ਲੈਕਟੋਮੀਟਰ ਨਹੀਂ ਹੈ।
ਆਉ ਅਸੀਂ ਆਪਸੀ-ਈਰਖਾ ਦੀ ਭਾਵਨਾ ਤੋਂ ਉਪਰ ਉਠ ਕੇ ਇਕ ਦੂਜੇ ਨੂੰ ਸੁਣੀਏ ਤੇ ਮਨੁੱਖ
ਦੇ ਸੰਕਟ ਲਈ ਕੁਝ ਸੋਚੀਏ। ਬਾਬੇ ਦੀ ਟੂਕ ਨੂੰ ਚੇਤੇ ਰਖੀਏ ''ਖੋਜੀ ਉਪਜੈ ਬਾਦੀ ਬਿਨਸੈ।'' ਮੈਂ
ਦਿਲੋਂ ਇਕ ਬਾਰ ਫਿਰ ਬੇਦੀ ਸਾਹਿਬ ਦਾ ਸਤਕਾਰ ਕਰਦਾ ਹਾਂ; ਪਰੰਤੂ ਐਸਾ ਦਾਨਸ਼ਵਰ ਕੋ
**—ਪਵਨ ਸਮੀਰ, ਕੁਰਖੇਤਰ**
ਸ਼ੁੱਭਤ ਨਾਹੀਂ...

o **ਸੇਧ** ਲਈ ਪਾਠਕਾਂ ਦੀ ਗਿਣਤੀ ਦੇ ਪਸਾਰ ਸਬੰਧੀ ਜੋ ਤੁਸੀਂ ਉਦਾਰਵਾਦੀ ਪਹੁੰਚ
ਅਪਣਾਈ ਹੈ, ਪ੍ਰਸੰਸਾਯੋਗ ਹੈ। ਇਹ ਇਕ ਪਰਖੀ ਹੋਈ ਸੱਚਾਈ ਹੈ ਕਿ ਅਸੀਂ ਮਾਰਕਸੀ ਸਿਧਾਂਤ
ਨੂੰ ਵਧ ਤੋਂ ਵਧ ਲੋਕਾਂ ਦੀ 'ਸੋਚ ਦਾ ਅੰਗ' ਬਣਾਉਣਾ ਹੈ। ਜਿਥੇ ਸਾਨੂੰ ਸਿਧਾਂਤ ਦਾ ਸਰਲੀਕਰਨ
ਕਰਨਾ ਹੈ, ਉਥੇ ਪੱਤਰਕਾਰੀ ਪ੍ਰਤੀ ਵੀ ਸਾਨੂੰ ਲੋਕਵਾਦੀ ਪਹੁੰਚ ਅਪਣਾਉਣੀ ਪਵੇਗੀ। ਮੈਂ ਸਮਝਦਾ
ਹਾਂ ਕਿ **ਸੇਧ** ਸਿਧਾਂਤਕ ਪੱਖ ਤੋਂ ਬੜਾ ਮਿਆਰੀ ਅਤੇ ਰੋਚਕ ਰਸਾਲਾ ਹੈ, ਪਰ ਜਦੋਂ ਕਦੇ ਵੀ
ਲੇਖਕਾਂ ਦੀ ਇਕੱਤਰਤਾ ਵਿਚ ਜਾਣ ਦਾ ਮੌਕਾ ਮਿਲਿਆ ਹੈ ਅਤੇ ਸਾਹਿਤ ਪ੍ਰੇਮੀਆਂ ਨਾਲ **ਸੇਧ**
ਸਬੰਧੀ ਅਤੇ ਇਹਦੀ ਪਹੁੰਚ ਸਬੰਧੀ ਗੱਲ ਛਿੜੀ ਹੈ ਤਾਂ ਉਹ ਆਮ ਤੌਰ 'ਤੇ ਇਹੀ ਸ਼ਿਕਾਇਤ ਕਰਦੇ
ਹਨ ਕਿ **ਸੇਧ** ਔਖੀ ਪੱਤਰਕਾ ਹੈ ਅਤੇ ਸਮਝਣੀ ਸੌਖੀ ਨਹੀਂ ਹੈ। ਚੰਗਾ ਹੋਵੇ ਜੇ ਅਸੀਂ ਸਿਆਸੀ
ਆਧਾਰ ਕਾਇਮ ਕਰਨ ਲਈ ਇਥੋਂ ਦੀ ਮਿੱਟੀ ਦੇ ਸੁਭਾ, ਬੋਲੀ ਅਤੇ ਭੌਤਿਕ ਹਾਲਤਾਂ ਅਨੁਸਾਰ
ਸਿਧਾਂਤ ਪੇਸ਼ ਕਰਨ ਦੀ ਖੇਚਲ ਕਰੀਏ। ਇਸ ਪਖੋਂ (ਆਪਣੇ ਕੁਝ ਪੱਤਰਕਾਰੀ ਦੇ ਅਸੂਲ ਤਿਆਗਣੇ
ਵੀ ਕਿਉਂ ਨਾ ਪੈਣ) ਤੁਸੀਂ ਕਦੇ ਕਦੇ ਹਿੰਦੀ ਦੇ ਕਲਾਸਕੀ ਲੇਖਕ ਮਹਾਂ ਪੰਡਤ ਰਾਹੁਲ ਸਾਂਸ-
ਕ੍ਰਿਤਾਇਣ ਦੀਆਂ ਰਚਨਾਵਾਂ ਵਿਚੋਂ ਚੋਣਵੇਂ ਅਨੁਵਾਦ ਵੀ ਛਾਪ ਦਿਆ ਕਰੋ।
ਇਸ ਵਾਰ **ਸੇਧ** ਵਿਚ ਗ਼ਜ਼ਲ ਅਤੇ ਕਹਾਣੀ ਦੇ ਫੀਚਰ ਸ਼ੁਰੂ ਕਰ ਕੇ ਤੁਸੀਂ ਇਹਦਾ ਸਿਧਾਂਤਕ
ਪਧਰ ਕਾਇਮ ਰਖਦਿਆਂ ਇਹਨੂੰ ਸਾਹਿਤਕ ਮੋੜ ਦੇਣ ਦਾ ਵਧੀਆ ਉਪਰਾਲਾ ਕੀਤਾ ਹੈ। ਹੁਣ
ਇਹ ਇਤਹਾਸਕ ਤੌਰ 'ਤੇ ਸਥਾਪਤ ਹੋ ਚੁਕਿਆ ਹੈ ਕਿ ਸਾਹਿਤ ਅਤੇ ਰਾਜਨੀਤੀ ਨੂੰ ਇਕ ਦੂਜੇ ਤੋਂ
ਨਿਖੇੜਿਆ ਨਹੀਂ ਜਾ ਸਕਦਾ—ਪਰ ਇਹ ਵੀ ਦਰੁਸਤ ਹੈ ਕਿ ਨਰੋਆ ਸਾਹਿਤ ਹੀ ਨਰੋਈਆਂ
ਕਦਰਾਂ ਕੀਮਤਾਂ ਕਾਇਮ ਕਰ ਸਕਦਾ ਹੈ। ਸਾਹਿਤ ਦਾ ਅਜ ਫਰਜ਼ ਇਹ ਹੈ ਕਿ ਇਹ ਸਮਾਜਕ
ਜੀਵਨ ਦੇ ਵਰਤਾਰੇ ਤੇ ਸਿਆਸਤ ਦੇ ਪ੍ਰਭਾਵ ਨੂੰ ਪੂਰੀ ਸ਼ਿਦਤ ਨਾਲ ਬਿਆਨ ਕਰੇ। ਪੰਜਾਬੀ ਸਾਹਿਤ
ਵਿਚ ਹੁਣ ਤਕ ਬਹੁਤ ਘਟ ਕਹਾਣੀਆਂ ਲਿਖੀਆਂ ਗਈਆਂ ਹਨ ਜਿਨ੍ਹਾਂ ਵਿਚ ਲੋਕ-ਪਖੀ ਸਿਆਸਤ
ਨੂੰ ਸਾਹਿਤ ਨਾਲ ਜੋੜਨ ਦੀ ਸਫਲ ਕੋਸ਼ਸ਼ ਕੀਤੀ ਗਈ ਹੋਵੇ। **—ਗੁਰਬਖਸ਼ ਜੱਸ, ਬਲਾਚੌਰ**

* ਅਜਮੇਰ ਔਲਖ ਦਾ ਪੰਜਾਬੀ ਪਾਠਕਾਂ ਪ੍ਰਤੀ ਗਿਲਾ ਜਾਇਜ਼ ਨਹੀਂ; ਇਹ ਤਾਂ ਇਕ ਤਰ੍ਹਾਂ ਦਾ
ਵਿਦਵਾਨਾਂ ਵਾਲਾ ਮੇਹਣਾ ਹੈ। ਜਦੋਂ ਪਾਠਕ ਅਜਿਹੇ ਵਿਦਵਾਨਾਂ ਦੀਆਂ ਲਿਖਤਾਂ ਪੜ੍ਹਨ ਸਮਝਣ
ਤੋਂ ਅਸਮਰਥ ਰਹਿੰਦੇ ਹਨ, ਤਾਂ ਅਜਿਹਾ ਮੇਹਣਾ ਵਿਦਵਾਨਾਂ ਵਲੋਂ ਅਕਸਰ ਹੀ ਮਿਲਦਾ ਹੈ। ਉਹ
ਵਿਦਵਤਾ ਹੀ ਕਾਹਦੀ ਹੋਈ ਜਿਹੜੀ ਵਿਚਾਰਧਾਰਾ ਨੂੰ ਸੌਖੀ ਬਣਾ ਕੇ ਅਲਫ਼ ਲੈਲਾ ਵਾਂਗ ਨਾ
ਸਮਝਾ ਸਕੇ। ਪਰ ਸਾਡੇ ਵਿਦਵਾਨਾਂ ਲਈ ਤਾਂ ਵਿਦਵਤਾ ਦੇ ਅਰਥ ਉਲਟੇ ਨੇ। ਇਹ ਕਹਿੰਦੇ

ਸਾਡੀ ਗੱਲ ਪਾਠਕਾਂ ਨੂੰ ਸਮਝਣੀ ਚਾਹੀਦੀ ਹੈ; ਉਹਨਾਂ ਨੂੰ ਗੱਲ ਸਮਝਾਉਣਾ ਸਾਡਾ ਫਰਜ਼ ਨਹੀਂ। ਜਦ ਗੱਲ ਸਮਝਾਉਣੀ ਹੀ ਨਹੀਂ ਤਾਂ ਗੱਲ ਕਹਿਣ ਦਾ ਫ਼ਾਇਦਾ ਵੀ ਕੀ ਹੋਇਆ ? ਅਸਲ ਵਿਚ ਵਿਦਵਾਨਾਂ ਦੀ ਇਕ ਸ਼੍ਰੇਣੀ ਪੈਦਾ ਹੋ ਚੁੱਕੀ ਹੈ ਜਿਸ ਦੇ ਆਪਣੇ ਹਿੱਤ ਨੇ। ਇਹ ਆਪਣੀ ਸ਼ੈਲੀ ਵਿਚ ਹਰ ਪਲੇਟਫਾਰਮ ਨੂੰ ਆਪਣੇ ਹਿੱਤਾਂ ਲਈ ਵਰਤਣਾ ਚਾਹੁੰਦੀ ਹੈ। **ਸੇਧ** ਨੂੰ ਇਸ ਗੱਲੋਂ ਸੁਚੇਤ ਰਹਿਣਾ ਚਾਹੀਦਾ ਹੈ। ਸੁਰਜੀਤ ਅਤੇ ਭੁਪਿੰਦਰ ਖਹਿਰਾ ਦੇ ਲੇਖਾਂ 'ਚ ਇਹੀ ਅੰਤਰ ਹੈ। ਜਿਹੜੀ ਗੱਲ ਸੁਰਜੀਤ ਹੁਰਾਂ ਛੁਪਾਉਣੀ ਚਾਹੀ, ਉਹੀ ਗੱਲ ਖਹਿਰੇ ਨੇ ਸਪਸ਼ਟ ਹੀ ਕਰ ਦਿਤੀ। ਖਹਿਰੇ ਦਾ ਲੇਖ ਆਮ ਪਾਠਕਾਂ ਦੀ ਪੱਧਰ ਦਾ ਸੀ। ਇਸ ਵਿਚ ਕੋਈ ਵੀ ਗੱਲ ਅਜਿਹੀ ਨਹੀਂ ਸੀ ਜਿਹੜੀ ਸਮਝ ਨਾ ਆ ਸਕੇ। **ਸੇਧ** ਨੂੰ ਅਜਿਹੇ ਲੇਖ ਛਾਪਣੇ ਚਾਹੀਦੇ ਹਨ। ਅਜਿਹੇ ਲੇਖਾਂ ਨਾਲ ਹੀ ਵਿਦਵਾਨਾਂ ਦੀਆਂ 'ਲੁਕਣਮੀਚੀਆਂ' ਦਾ ਰਾਜ਼ ਖੁਲ੍ਹਦਾ ਹੈ।

—ਜਸਬੀਰ ਸਿੰਘ, ਕਪੂਰਥਲਾ

o ਪੰਜਾਬੀ ਸਭਿਆਚਾਰ ਨੂੰ ਅਜ ਤਰ੍ਹਾਂ ਤਰ੍ਹਾਂ ਦੀਆਂ ਵੰਗਾਰਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਕ ਪਾਸੇ ਤਾਂ ਵਿਦੇਸ਼ੀ ਰੀਕਾਰਡਿੰਗ ਕੰਪਨੀਆਂ ਦੀ ਸ਼ਹਿ 'ਤੇ ਸੈਕਸ ਨਾਲ ਗੜੁਚ ਚੋਂਦੇ ਚੋਂਦੇ ਰੀਕਾਰਡਾਂ ਦੀ ਭਰਮਾਰ ਦਿਨੋਂ ਦਿਨ ਵਧ ਰਹੀ ਹੈ।

ਦੂਸਰੇ ਹੱਥ ਧਾਰਮਿਕ ਵਿਚਾਰਾਂ ਦਾ ਸਹਾਰਾ ਲੈ ਕੇ ਤਰ੍ਹਾਂ ਤਰ੍ਹਾਂ ਦੇ ਬਾਬੇ ਆਪਣੇ ਆਸ਼ਰਮ ਉਸਾਰ ਰਹੇ ਹਨ। ਇਨ੍ਹਾਂ ਆਸ਼ਰਮਾਂ ਨੇ ਨੰਗੇ ਨਾਚ ਅਤੇ ਸਰੀਰਕ ਆਨੰਦ ਨੂੰ ਰੱਬ ਦੀ ਪ੍ਰਾਪਤੀ ਦਾ ਸਾਧਨ ਮੰਨ ਲਿਆ ਹੈ।

ਤੀਸਰਾ ਵਿਦਿਆ ਕੇਂਦਰਾਂ ਵਿਚ ਵੀ, ਜਿਨ੍ਹਾਂ ਲੋਕਾਂ ਨੇ ਭਵਿਖ ਦੀ ਉਸਾਰੀ ਵਿਚ ਹਿੱਸਾ ਪਾਉਣਾ ਹੈ, ਅਜੇਹੇ ਲਿੰਗਵਾਦੀ ਦਰਸ਼ਨ ਦੇ ਕੇਂਦਰ ਖੁਲ੍ਹ ਚੁੱਕੇ ਹਨ। ਸੁਰਜੀਤ ਲੀ ਦਾ ਲੇਖ ਇਸ ਪਾਸੇ ਇਕ ਸੰਕੇਤ ਮਾਤਰ ਹੈ। ਇਹਨਾਂ ਸਾਰੇ ਹਮਲਿਆਂ ਦਾ ਮੁਖ ਮੰਤਵ, ਪੰਜਾਬੀ ਸਭਿਆਚਾਰ ਦੀ ਚਮਕ ਨੂੰ ਮੱਧਮ ਕਰਨਾ, ਇਸ ਦੀਆਂ ਅਗਾਂਹਵਧੂ ਰੁਚੀਆਂ ਨੂੰ ਖੁੰਡਾ ਕਰਨਾ, ਵਿਭਚਾਰ ਅਤੇ ਅਰਾਜਕਤਾ ਦਾ ਪ੍ਰਚਾਰ ਕਰਨਾ ਹੈ।

ਸਭਿਆਚਾਰ ਨੂੰ ਨਿਰੋਈ ਸੇਧ ਉਸ ਦੇ ਅਗਾਂਹਵਧੂ ਵਿਚਾਰਾਂ ਵਾਲੇ ਬੰਦਿਆਂ ਨੇ ਦੇਣੀ ਹੁੰਦੀ ਹੈ। ਜੇਕਰ ਅਗਾਂਹਵਧੂ ਸਫਾਂ ਵਿਚ ਵੀ ਪਿਛਾਂਹ-ਖਿਚੂ ਵਿਚਾਰਾਂ ਵਾਲੇ ਕੀੜੇ ਪ੍ਰਵੇਸ਼ ਕਰ ਜਾਣ ਤਾਂ ਇਸ ਤੋਂ ਵੱਧ ਬਦਕਿਸਮਤੀ ਵਾਲੀ ਗੱਲ ਹੋਰ ਕੀ ਹੋ ਸਕਦੀ ਹੈ ? ਭੁਪਿੰਦਰ ਖਹਿਰਾ ਦਾ ਇਸ ਪਾਸੇ ਇਸ਼ਾਰਾ, ਪੰਜਾਬ ਦੇ ਹਰ ਰੰਗ ਦੇ ਇਨਕਲਾਬੀਆਂ ਦੀ ਤਵੱਜੋ ਦਾ ਮੁਥਾਜ ਹੈ। ਉਹਨਾਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਆਸੇ ਪਾਸੇ ਚੰਗੀ ਤਰ੍ਹਾਂ ਘੋਖਣ ਅਤੇ ਇਸ ਗੱਲ ਨੂੰ ਯਕੀਨੀ ਬਣਾਉਣ ਕਿ ਭਾਵੁਕਤਾ ਦੇ ਆਧਾਰ 'ਤੇ ਲੋਕ ਦਰਸ਼ਨ ਦੀ ਉਪਜਾਊ ਮਿੱਟੀ 'ਤੇ ਸਮਾਜ ਦੇ ਪੈਰਾਮਾਇਟ ਪੈਦਾ ਨਾ ਹੋਣ। ਨਹੀਂ ਤਾਂ ਲੋਕ ਲਹਿਰਾਂ ਦਾ ਬੁਰਾ ਹਸ਼ਰ ਹੋਵੇਗਾ।

—ਈਸ਼ਵਰ ਦਿਆਲ ਗੌਂਡ, ਬੁਢਲਾਡਾ (ਬਠਿੰਡਾ)

o ਵਿਦਵਾਨਾਂ ਅਤੇ ਅਵਿਦਵਾਨਾਂ ਦਾ ਜਾਂ ਸਾਹਿਤਕ ਅਤੇ ਅਸਾਹਿਤਕ ਭਾਸ਼ਾ ਦਾ ਨਿਖੇੜ ਕਰਨ ਦੀ ਗਲ ਕੋਈ ਨਵੀਂ ਨਹੀਂ। ਇਹ ਯਤਨ ਮੁਢ ਕਦੀਮ ਤੋਂ ਹੀ ਹੁੰਦੇ ਰਹੇ ਹਨ। ਭਾਸ਼ਾ ਦੇ ਤੱਥਾਂ ਅਤੇ ਵਿਧਾਨ ਦੀ ਸਮਝ ਨਾ ਹੋਣ ਕਰਕੇ ਅਜੇਹੀਆਂ ਗਲਾਂ ਅਕਸਰ ਉਭਰ ਆਇਆ



ਕਰਦੀਆਂ ਹਨ। ਭਾਸ਼ਾ ਵਿਚ ਅਜੇਹਾ ਕੋਈ ਲੱਛਣ ਨਹੀਂ ਜਿਸ ਸਦਕਾ ਇਸ ਨੂੰ ਵਿਦਵਾਨਾਂ ਦੀ ਅਤੇ ਅਵਿਦਵਾਨਾਂ ਦੀ ਵਿਚ ਵੰਡਿਆ ਜਾ ਸਕੇ। ਅਜੇਹੀ ਜ਼ਰੂਰਤ ਵੀ ਨਹੀਂ। ਪਰ ਜਦੋਂ ਕੋਈ ਸ਼੍ਰੇਣੀ ਆਪਣੇ ਵਿਚਾਰਾਂ ਨੂੰ ਆਪਣੀ ਸ਼੍ਰੇਣੀ ਤਕ ਹੀ ਸੀਮਤ ਰਖਣਾ ਹੁੰਦੀ ਹੈ ਤਾਂ ਅਜੇਹੀ ਲੋੜ ਪੈਂਦੀ ਹੈ। ਭਾਸ਼ਾ ਦੇ ਵਿਧਾਨ ਜਾਂ ਸ਼ੈਲੀ ਵਿਚ ਅੰਤਰ ਆਉਣਾ ਕੁਦਰਤੀ ਹੈ। ਇਸ ਪਿਛੇ ਲੇਖਕ ਦੀ ਭਾਵਨਾ ਜਾਂ ਮੰਤਵ ਦਾ ਹੱਥ ਹੁੰਦਾ ਹੈ। ਜੇਕਰ ਲੇਖਕ ਕਿਸੇ ਵਿਚਾਰ ਨੂੰ ਸਥਾਪਤ ਕਰਨਾ ਚਾਹੁੰਦਾ ਹੈ ਅਤੇ ਸਮਾਜ ਦਾ ਉਸ ਪ੍ਰਤੀ ਮੋਹ ਜਗਾਉਣਾ ਚਾਹੁੰਦਾ ਹੈ ਤਾਂ ਜ਼ਰੂਰ ਹੀ ਉਸ ਨੂੰ ਮਿੱਠੀ ਸ਼ੈਲੀ ਦੀ ਜ਼ਰੂਰਤ ਪਏਗੀ। ਪਰੰਤੂ ਜੇਕਰ ਲੇਖਕ ਦਾ ਮੰਤਵ ਕਿਸੇ ਵਿਚਾਰ ਨੂੰ ਉਖੇੜਨ ਜਾਂ ਸਮਾਜ ਦੀ ਉਸ ਪ੍ਰਤੀ ਘਿਰਣਾ ਪੈਦਾ ਕਰਨ ਦਾ ਹੈ ਤਾਂ ਸ਼ੈਲੀ ਅਵਸ਼ ਹੀ ਤਲਖ ਹੋਵੇਗੀ। ਇਸ ਲਈ ਖਹਿਰਾ ਅਤੇ ਲੀ ਦੀ ਸ਼ੈਲੀ ਦਾ ਅੰਤਰ ਵਿਦਵਾਨਾਂ ਜਾਂ 'ਅਵਿਦਵਾਨਾਂ' ਵਾਲੀ ਸ਼ੈਲੀ ਦਾ ਅੰਤਰ ਨਹੀਂ। ਅੰਤਰ ਤਾਂ ਸਿਰਫ ਵਿਚਾਰਾਂ ਪਿਛੇ ਕੰਮ ਕਰ ਰਹੀ ਭਾਵਨਾ ਦਾ ਹੈ।

ਕਿਸੇ ਪਰਚੇ ਦੀ ਗੰਭੀਰਤਾ ਇਸ ਵਿਚ ਨਹੀਂ ਹੁੰਦੀ ਕਿ ਉਸ ਦੇ ਲੇਖ ਗੁੰਝਲਦਾਰ ਜਾਂ 'ਵਿਦਵਾਨਾਂ' ਵਾਲੀ ਸ਼ੈਲੀ ਵਿਚ ਹੁੰਦੇ ਹਨ। ਜੇਕਰ ਗੰਭੀਰਤਾ ਦੀ ਇਹੋ ਕਸਵੱਟੀ ਹੈ ਤਾਂ ਸਰਕਾਰੀ ਅਤੇ ਅਰਧ-ਸਰਕਾਰੀ ਅਦਾਰਿਆਂ ਵਲੋਂ ਛਾਪੇ ਜਾ ਰਹੇ ਪਰਚੇ ਸਭ ਤੋਂ ਵਧ ਗੰਭੀਰ ਹੋਣਗੇ। ਕਿਸੇ ਲਿਖਤ ਦੀ ਗੰਭੀਰਤਾ ਇਸ ਵਿਚ ਨਹੀਂ ਹੁੰਦੀ ਕਿ ਉਸ ਨੂੰ ਪੜ੍ਹਨ ਅਤੇ ਸਮਝਣ ਲਈ ਗੰਭੀਰ ਹੋਣਾ ਪਵੇ। ਸਗੋਂ ਉਸ ਦੀ ਗੰਭੀਰਤਾ ਤਾਂ ਦੂਸਰਿਆਂ ਦੇ ਮਨ ਵਿਚ ਗੰਭੀਰ ਵਿਚਾਰ ਉਜਾਗਰ ਕਰਨ ਕਰਕੇ ਹੁੰਦੀ ਹੈ। ਮੇਰੇ ਖਿਆਲ ਅਨੁਸਾਰ **ਸੇਧ** ਦੀ ਗੰਭੀਰਤਾ ਇਸੇ ਕਿਸਮ ਦੀ ਹੈ। ਇਸ 'ਤੇ ਕਿੰਤੂ ਨਹੀਂ ਕੀਤਾ ਜਾ ਸਕਦਾ।

ਖਹਿਰੇ ਦਾ ਲੇਖ ਲੋਕ ਮੁਹਾਵਰੇ ਦੀ ਸ਼ੈਲੀ ਵਿਚ ਲਿਖਿਆ ਗਿਆ ਹੈ। ਇਸ ਨੂੰ ਸਮਝਣ ਲਈ ਗੰਭੀਰ ਨਹੀਂ ਹੋਣਾ ਪੈਂਦਾ। ਜਿਹੜੇ ਲੋਕ, ਲੋਕ-ਭਾਸ਼ਾ ਜਾਂ ਲੋਕ ਮੁਹਾਵਰੇ ਤੋਂ ਬੁਰੀ ਤਰ੍ਹਾਂ ਟੁਟ ਚੁਕੇ ਹਨ ਉਹਨਾਂ ਨੂੰ ਇਸ ਭਾਸ਼ਾ ਦਾ ਕੋਹਝਾ ਲਗਣਾ ਕੋਈ ਅਚੰਭੇ ਵਾਲੀ ਗਲ ਨਹੀਂ। ਉਹਨਾਂ ਦਾ ਤਾਂ ਕੰਮ ਕਾਰ ਹੀ 'ਵਿਦਵਾਨਾਂ' ਵਾਲੀ ਭਾਸ਼ਾ 'ਤੇ ਚਲਦਾ ਹੈ। 'ਵਿਦਵਾਨਾਂ ਵਾਲੀ' ਭਾਸ਼ਾ ਦੀ ਅਜਾਰੇਦਾਰੀ ਟੁੱਟਣ ਤੋਂ ਵੱਧ ਦੁਖ 'ਵਿਦਵਾਨਾਂ' ਨੂੰ ਹੋਰ ਕੀ ਹੋ ਸਕਦਾ ਹੈ ? ਸੰਰਚਨਾਵਾਦੀਆਂ ਦੀ ਬੋਧਿਕ ਪ੍ਰਕਿਆ ਥੋਥੀ ਵਾਲੇ ਮੁਹਾਵਰੇ ਨਾਲ ਕਿੰਨੀ ਸਪੱਸ਼ਟ ਹੋ ਗਈ ਹੈ। ਇਸ ਤੋਂ ਬਿਨਾਂ ਇਸ ਦਾ ਇੰਨੀ ਚੰਗੀ ਤਰ੍ਹਾਂ ਸਪੱਸ਼ਟ ਹੋਣਾ ਸੰਭਵ ਨਹੀਂ ਸੀ। —ਹਰਦਿਆਲ ਸਿੰਘ, ਅੰਮ੍ਰਿਤਸਰ

o ਭਾਰਤ ਵਿਚ ਕਮਿਊਨਿਸਟ ਪਾਰਟੀ ਬਣੀ ਨੂੰ ਕੋਈ ਪੰਜਾਹ ਸਾਲਾਂ ਤੋਂ ਵੀ ਵਧ ਸਮਾਂ ਹੋ ਗਿਆ ਹੈ। ਪਰ ਮੰਦਭਾਗੀ ਗੱਲ ਇਹ ਹੈ ਕਿ ਹਾਲੇ ਤਕ ਵੀ ਸਾਡੇ ਸਮਾਜ ਵਿਚ ਉਸਾਰੂ ਚਿੰਤਕਾਂ ਦੀ ਘਾਟ ਬਣੀ ਹੋਈ ਹੈ। ਇਸ ਦਾ ਕਾਰਨ ਇਹ ਹੈ ਕਿ ਉਹ ਲੋਕ ਜਿਹੜੇ ਅਗਾਂਹ-ਵਧੂ ਵਿਚਾਰਾਂ ਨੂੰ ਪ੍ਰਣਾ ਲੈਂਦੇ ਹਨ ਉਹ ਵੀ ਜਗੀਰੂ ਰੁਚੀਆਂ ਤੋਂ ਮੁਕਤ ਨਹੀਂ ਹੁੰਦੇ। ਇਨਕਲਾਬੀ ਸਫ਼ਾਂ 'ਚ 'ਗੁਰੂਡਮ' ਦੀ ਉਸਾਰੀ ਇਸੇ ਰੁਚੀ ਦਾ ਅਮਲ ਹੈ। ਰੱਬ ਦੀ ਮੇਹਰ ਨਾਲ ਜੇਕਰ 'ਗੁਰੂ ਬਾਬਾ' ਸਿਧੇ ਰਾਹ ਤੁਰੀ ਗਿਆ ਤਾਂ ਧੰਨਭਾਗ। ਜੇਕਰ ਕਿਤੇ ਥੋੜਾ ਬਹੁਤ ਅਰਬਾ ਗਲਤ ਲਗ ਗਿਆ ਤਾਂ ਸਾਰਾ ਹੀ ਕੋੜਮਾ ਗਰਕ ਹੋ ਜਾਂਦਾ ਹੈ। ਇਹ 'ਗੁਰੂਡਮ' ਲੋਕਾਂ ਦੇ ਮਨਾਂ ਅੰਦਰ ਉਸਾਰੂ ਸੋਚ ਦੇ ਜਨਮ ਨੂੰ ਰੋਕਦੇ ਹਨ। ਇਹ ਉਹਨਾਂ ਇਨਕਲਾਬੀ ਬੰਦਿਆਂ, ਜਿਹਨਾਂ ਨੇ ਆਪਣੀਆਂ ਜਾਨਾਂ, ਸਧਰਾਂ ਉਮੰਗਾਂ ਸਭ ਕੁਝ ਲੋਕਾਂ ਦੇ ਲੇਖੇ ਲਾ ਰਖਿਆ ਹੈ, ਦੇ ਵਿਸ਼ਵਾਸ ਨੂੰ ਘਾਤ ਲਾਉਂਦੇ ਹਨ, ਉਹਨਾਂ ਦੇ

ਸਮਾਜਕ ਦਰਜੇ ਨੂੰ ਨੀਵਾਂ ਕਰਦੇ ਹਨ, ਉਹਨਾਂ ਦੀ ਲੋਕਪ੍ਰਿਯਤਾ ਨੂੰ ਘਟ ਕਰਦੇ ਹਨ। ਫਲਸਰੂਪ ਅਗਾਂਹ-ਵਧੂ ਵਿਚਾਰਾਂ ਦੇ ਪਸਾਰ ਵਿਚ ਰੋੜਾ ਬਣਦੇ ਹਨ।

ਸਾਰੀਆਂ ਇਨਕਲਾਬੀ ਸਫਾਂ ਵਿਚ ਇਹੋ ਜਿਹੇ ਗੁਰੂਡਮ ਆਮ ਮਿਲਦੇ ਹਨ। ਕਿਤੇ ਵੀ ਇਹਨਾਂ ਦਾ ਬੀ ਨਾਸ ਨਹੀਂ। ਇਹਨਾਂ ਨੂੰ ਨੰਗੇ ਕਰਨ ਦੀ ਲੋੜ ਹੈ। ਲੋਕਾਂ ਦੇ ਨਾਂ 'ਤੇ, ਲੋਕ ਫਿਲਾਸਫੀ ਦਾ ਮਖੌਟਾ ਪਾ ਕੇ ਸਭਿਅਤਾ ਦੇ ਜਰਾਸੀਮਾਂ ਦਾ ਅਣਢੱਕੇ ਰਹਿਣਾ ਬਹੁਤ ਸ਼ਰਮ ਦੀ ਗੱਲ ਹੈ।

ਅਸਲੀ ਇਨਕਲਾਬੀਆਂ ਨੂੰ ਜਿਹਨਾਂ ਨੂੰ ਫਲਸਫੇ ਨਾਲ ਮੋਹ ਹੈ, ਜਿਹਨਾਂ ਦਾ ਅਮਲ ਸੋਚ ਹੈ, ਜਿਹਨਾਂ ਦੇ ਨਿਸ਼ਚੇ ਉਚੇ ਹਨ, ਚਾਹੀਦਾ ਹੈ ਕਿ ਉਹ ਸੁਚੇਤ ਰਹਿਣ। ਅਜੇਹੇ ਗੁਰੂਡਮਾਂ ਨੂੰ ਆਪਣੀ ਓਟ 'ਚ ਨਾ ਉਸਰਨ ਦੇਣ। ਆਪਣੇ ਮੰਤਵ ਤੇ ਨਿਸ਼ਚੇ ਨੂੰ ਲੋਕਾਂ ਦੇ ਮਨਾਂ ਅੰਦਰ ਨੀਵਾਂ ਹੋਣ ਤੋਂ ਬਚਾਉਣਾ। ਇਸੇ ਵਿਚ ਸਭ ਦਾ ਭਲਾ ਹੈ।

—ਕੁਲਬੀਰ ਸਿੰਘ, ਜਲੰਧਰ

o **ਸੇਧ** ਦੀ ਮੌਲਿਕਤਾ, ਮਹੱਤਵ ਅਤੇ ਇਸ ਦੀ ਵਡਿਆਈ ਕੇਵਲ ਇਸ ਗੱਲ ਵਿਚ ਰਹੀ ਹੈ ਕਿ ਵਿਰੋਧੀ ਸਥਿਤੀਆਂ ਦੇ ਬਾਵਜੂਦ ਇਹ ਇਕੋ ਇਕ ਇਕੱਲਾ ਸਿਧਾਂਤਕ ਅਤੇ ਵਿਚਾਰਧਾਰਕ ਪਰਚਾ ਰਿਹਾ ਹੈ। ਜ਼ਰੂਰੀ ਨਹੀਂ ਕਿ **ਸੇਧ** ਨੇ ਇਸ ਖੇਤਰ ਵਿਚ ਕੋਈ ਵੱਡੀ ਮੱਲ ਮਾਰੀ ਹੋਵੇ। ਨੁਕਤਾ ਸਿਰਫ਼ ਏਨਾ ਹੈ ਕਿ ਸਿਧਾਂਤਕ ਅਤੇ ਵਿਚਾਰਧਾਰਕ ਮਸਲਿਆਂ ਤਕ ਸੀਮਤ ਰਹਿ ਕੇ ਇਸ ਨੇ ਆਪਣੀ ਵਿਲੱਖਣ ਹਸਤੀ ਕਾਇਮ ਕੀਤੀ, ਪੰਜਾਬੀ ਵਿਚ ਗੰਭੀਰ ਸੋਚ ਦੀ ਪਰੰਪਰਾ ਪਾਉਣ ਦੀ ਪਹਿਲ ਕੀਤੀ ਅਤੇ ਪੜ੍ਹਨ ਲਿਖਣ ਵਾਲਿਆਂ ਨੂੰ ਝੰਜੋੜਿਆ। ਸਿਰਜਨਾਤਮਕ (creative) ਸਾਹਿਤ ਛਾਪਣ ਵਾਲੇ ਰਿਸਾਲੇ ਪੰਜਾਬੀ ਵਿਚ ਅਣਗਿਣਤ ਹਨ। ਹੁਣ **ਸੇਧ** ਨੇ ਵੀ ਇਹੋ ਸਾਹਿਤ ਛਾਪ ਕੇ ਆਪਣੀ ਵਿਲੱਖਣ ਹਸਤੀ ਨੂੰ ਕਰਾਰੀ ਸੱਟ ਮਾਰ ਲਈ ਹੈ। ਗੱਲ ਇਹ ਨਹੀਂ ਕਿ ਸਿਰਜਨਾਤਮਕ ਸਾਹਿਤ ਕੋਈ ਮਾੜਾ ਸਾਹਿਤ ਹੁੰਦਾ ਹੈ। ਗੱਲ ਹਰ ਪਰਚੇ ਦੀ ਆਪਣੀ ਥਾਂ, ਹਸਤੀ ਤੇ ਯੋਗਦਾਨ (contribution) ਦੀ ਹੈ। ਮਜਬੂਰੀ ਘੱਟ ਵਿਕਰੀ ਅਤੇ ਘੱਟ ਲਿਖਣ ਵਾਲਿਆਂ ਦੀ ਹੋ ਸਕਦੀ ਹੈ। ਪਰ ਇਹ ਬਹਾਨਾ ਤਾਂ ਹਰ ਪਰਚੇ ਵਾਲਾ ਲਾ ਸਕਦਾ ਹੈ। ਜੇ **ਸੇਧ** ਨੇ ਇਸੇ ਮਜਬੂਰੀ ਵੱਸ ਸਭ ਕੁਝ ਕੀਤਾ ਹੈ ਤਾਂ ਸਮਝੋ **ਸੇਧ** ਵੀ ਗਿਆ।

—ਅਮਰੀਕ ਸਿੰਘ, ਨਵੀਂ ਦਿਲੀ

(ਨਹੀਂ, ਭਾਈ, ਅਜਿਹੀ ਮਜਬੂਰੀ ਕੋਈ ਨਹੀਂ ਸੀ। —ਸੰਪਾਦਕ)

---

ਨੋਟ : **ਸੇਧ** ਦੇ ਲੇਖਾਂ ਵਿਚ ਪੇਸ਼ ਕੀਤੇ ਗਏ ਵਿਚਾਰ ਲੇਖਕਾਂ ਦੇ ਹਨ। ਸੰਪਾਦਕ **ਸੇਧ** ਦਾ ਉਹਨਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

---


## ਸਿੱਖ ਲਹਿਰ

ਲੇਖਕ : ਪ੍ਰੋ. ਕਿਸ਼ਨ ਸਿੰਘ

ਸਿੱਖ-ਲਹਿਰ ਦੇ ਇਤਿਹਾਸ ਅਤੇ ਉਸ ਦੇ ਜਮਾਤੀ ਪੈਂਤੜੇ ਅਤੇ ਅਸਲੇ ਨੂੰ ਸਮਝਣ ਲਈ ਇਕ ਅਦੁੱਤੀ ਪੁਸਤਕ। ਸਫ਼ੇ 210; ਮੁੱਲ : 10 ਰੁ:, ਪੱਕੀ ਜਿਲਦ

ਜਿਸ ਪੁਸਤਕ ਲਈ ਸਧ ਨੂੰ ਲਿਖੋ।




## ਪੁਸਤਕ ਰੀਵੀਊ

### ਚਾਨਣ ਦਾ ਜੰਗਲ

ਨਾਵਲਕਾਰ—ਇੰਦਰ ਸਿੰਘ ਖ਼ਾਮੋਸ਼;
ਪ੍ਰਕਾਸ਼ਕ—ਆਰਸੀ ਪਬਲਿਸ਼ਰਜ਼, ਦਿੱਲੀ;
ਪੰਨੇ 148; ਮੁੱਲ : 12 ਰੁਪਏ 50 ਪੈਸੇ।

"ਚੰਬਲ ਦੀ ਘਾਟੀ ਵਿਚ ਡਾਕੂਆਂ ਦੀ ਆਪਸ ਵਿਚ ਲੜਾਈ"—ਅਖ਼ਬਾਰ ਵਿਚ ਮੈਂ ਖ਼ਬਰ ਪੜ੍ਹਦਾ ਹਾਂ। ਉਸ ਵੇਲੇ ਸੱਜਰਾ ਪੜ੍ਹਿਆ ਨਾਵਲ **ਚਾਨਣ ਦਾ ਜੰਗਲ** ਯਾਦ ਆਉਂਦਾ ਹੈ ਜੋ ਅਧਿਆਪਕ ਵਰਗ ਬਾਰੇ ਹੈ। ਜਾਪਦਾ ਹੈ ਜਿਵੇਂ ਚੰਬਲ ਦੀ ਘਾਟੀ ਫੈਲ ਗਈ ਹੋਵੇ, ਜਿਥੇ ਵੱਖ ਵੱਖ ਜਮਾਤਾਂ ਦਾ ਆਪਸ ਵਿਚ ਅਤੇ ਇਕੋ ਜਮਾਤ ਵਿਚ ਵੀ, ਅੰਦਰੂਨੀ ਵਿਰੋਧ ਚਲ ਰਿਹਾ ਹੋਵੇ। ਤੇ ਇਹਨਾਂ ਵਿਚ ਹੀ ਇਕ ਵਰਗ ਅਧਿਆਪਕਾਂ ਦਾ ਵੀ ਹੈ। ਅਧਿਆਪਕਾਂ ਬਾਰੇ ਇਸ ਤਰ੍ਹਾਂ ਸੋਚ ਕੇ ਕੜਵਾਹਟ ਜਿਹੀ ਮਹਿਸੂਸ ਹੁੰਦੀ ਹੈ।

ਇਹ ਗੱਲ ਵਾਰ ਵਾਰ ਆਖੀ ਜਾਂਦੀ ਹੈ ਕਿ ਅਧਿਆਪਕਾਂ ਦਾ ਪਹਿਲਾਂ ਜਿਹਾ ਸਨਮਾਨ ਨਹੀਂ ਰਿਹਾ, ਉਹਨਾਂ ਪ੍ਰਤੀ ਪਹਿਲਾਂ ਜਿਹੀ ਸ਼ਰਧਾ ਨਹੀਂ ਰਹੀ। ਪਰ ਕੀ ਇਸ ਸਾਰੇ ਕੁਝ ਦੀ ਜ਼ਿੰਮੇਵਾਰੀ ਕੇਵਲ ਅਧਿਆਪਕਾਂ ਸਿਰ ਹੀ ਹੈ? ਜੇ ਨਹੀਂ, ਤਾਂ ਇਹਦਾ ਜ਼ਿੰਮੇਵਾਰ ਹੋਰ ਕੌਣ ਹੈ? ਇਸ "ਜੰਗਲ" ਵਿਚ "ਕੌਮ ਦੇ ਨਿਰਮਾਤਾ" ਦੀ ਹੋਂਦ ਕਿੰਨੀ ਕੁ ਹੈ ਅਤੇ ਕਿਹੋ ਜਿਹੀ ਹੈ? ਨਾਵਲ ਵਿਚੋਂ ਅਜਿਹੇ ਸਾਰੇ ਸਵਾਲਾਂ ਦੇ ਜਵਾਬ ਮਿਲ ਜਾਂਦੇ ਹਨ।

ਸਰਮਾਏਦਾਰੀ ਢਾਂਚੇ ਵਿਚ ਵਿਦਿਆ ਵੀ ਇਕ ਜਿਨਸ ਹੀ ਹੁੰਦੀ ਹੈ। ਮੰਡੀ ਵਿਚ ਇਹਦੀ ਖ਼ਰੀਦ-ਵੇਚ ਹੁੰਦੀ ਹੈ। ਸੋ ਸਰਮਾਏਦਾਰੀ ਮੰਡੀ ਵਾਲੀ ਅਰਾਜਕਤਾ ਵਿਦਿਆ ਦੇ ਹਿੱਸੇ ਵੀ ਆਉਣੀ ਹੋਈ। ਅਜਿਹੀ ਅਰਾਜਕਤਾ ਵਿਚ ਅਧਿਆਪਕ ਦਾ ਇਹ ਰੂਪ ਹੋਣਾ ਵੀ ਕੁਦਰਤੀ ਹੈ। ਮੰਡੀ ਵਿਚ ਉਹਨੇ ਵਿਦਿਆ ਮਹਿੰਗੇ-ਸਸਤੇ ਭਾਅ ਵੇਚਣੀ ਹੈ ਅਤੇ ਖ਼ਰੀਦਾਰ ਨੇ ਪੈਸੇ ਦੇਕੇ ਖਰੀਦਣੀ ਹੈ। ਫਿਰ ਸ਼ਰਧਾ ਅਤੇ ਸਨਮਾਨ ਦੇ ਕੀ ਅਰਥ! ਦੂਹਰਾ ਮੁੱਲ ਕੋਈ ਕਿਉਂ ਤਾਰੇ?

ਅੱਜ ਪੜ੍ਹਾਉਣ ਦੇ ਤਰੀਕੇ ਵੀ ਹਾਸੋਹੀਣੇ ਬਣ ਕੇ ਰਹਿ ਗਏ ਹਨ। ਲਤਾ ਗੁਪਤਾ ਦੇ ਕਿਰਦਾਰ ਤੋਂ ਇਹ ਗੱਲ ਭਲੀ ਭਾਂਤ ਸਪੱਸ਼ਟ ਹੋ ਜਾਂਦੀ ਹੈ। ਵਿਦਿਆਰਥੀਆਂ ਨੂੰ ਪਾਸ ਕਰਵਾਉਣ ਲਈ ਠੇਕੇ ਹੁੰਦੇ ਹਨ (ਮਿਸਿਜ਼ ਬਰਾੜ ਅਤੇ ਕਾਮਨੀ)। ਇਕ ਦੂਜੇ ਦੀ ਦੁਕਾਨਦਾਰੀ ਫੇਲ੍ਹ ਕਰਨ ਦਾ ਜਤਨ ਕੀਤਾ ਜਾਂਦਾ ਹੈ (ਜਿਵੇਂ ਮਿਸਿਜ਼ ਬਰਾੜ ਅਤੇ ਕਾਮਨੀ ਵਲੋਂ ਮਧੂ ਅਤੇ ਇੰਦੂ ਦੀ ਦੁਕਾਨ-ਦਾਰੀ ਫੇਲ੍ਹ ਕੀਤੀ ਜਾਂਦੀ ਹੈ)। ਅਜਿਹੀ ਸਥਿਤੀ ਵਿਚ ਕਿਹੜੀ ਸ਼ਰਧਾ ਅਤੇ ਕਿਸ ਸਨਮਾਨ ਦੀ

ਝਾਕ ਰੱਖੀ ਜਾਂਦੀ ਹੈ ?

ਸਰਮਾਏਦਾਰੀ ਢਾਂਚੇ ਵਿਚ ਪੈਸੇ ਬਟੋਰਣ ਲਈ ਸਾਰੇ ਹੀਲੇ ਵਰਤੇ ਜਾਂਦੇ ਹਨ। ਅਧਿਆਪਕ ਵੀ ਕਿਉਂ ਪਿਛੇ ਰਹਿਣ ? ਆਪਣੇ ਹਿੱਤਾਂ ਨੂੰ ਸੁਰਖਿਅਤ ਰੱਖਣ ਲਈ ਚੜ੍ਹਾਵਾ ਚੜ੍ਹਦਾ ਹੈ, ਜਿਵੇਂ ਛੁੱਟੀ ਗਈ ਹੋਈ ਅਧਿਆਪਕਾ ਵਾਲੀ ਖ਼ਾਲੀ ਥਾਂ ਉਤੇ ਨਿਯੁਕਤੀ ਕਰਵਾਉਣ ਲਈ, ਸ਼ਹਿਰ ਵਿਚ ਟਿਕੇ ਰਹਿਣ ਲਈ, ਬਦਲੀ ਕਰਵਾਉਣ ਲਈ, ਆਦਿ ਆਦਿ। ਇਸੇ ਤਰ੍ਹਾਂ ਸਕੂਲ ਦੇ ਮੁਖੀ ਦਾ ਫੰਡਾਂ ਨੂੰ ਡਕਾਰ ਜਾਣਾ ! ਅਜਿਹੇ ਮਾਹੌਲ ਵਿਚ ਅਧਿਆਪਕਾਂ ਦੀ ਹੋਂਦ ਨਿਗੂਣੀ ਹੋ ਕੇ ਰਹਿ ਜਾਂਦੀ ਹੈ ਅਤੇ ਉਹ ਆਪਣੀਆਂ ਨਿਗੂਣੀਆਂ ਲੋੜਾਂ ਖ਼ਾਤਰ ਇਕ ਦੂਜੇ ਦੀ ਖਿਚਾ-ਧੂਹੀ ਕਰਦੇ ਹਨ।

ਇਸਤਰੀ ਅਧਿਆਪਕ ਦੀ ਤਾਂ ਸਥਿਤੀ ਹੀ ਵਖਰੀ ਹੈ। ਉਹ ਦੂਹਰੀ ਗੁਲਾਮੀ ਕਰਦੀ ਹੈ—ਘਰ ਦੀ ਚਾਕਰੀ ਵੀ ਅਤੇ ਬਾਹਰ ਦੀ ਨੌਕਰੀ ਵੀ ! ਜਾਇਜ਼ ਮੁਆਵਜ਼ਾ ਕਿਧਰੋਂ ਵੀ ਨਹੀਂ ਮਿਲਦਾ। ਬਾਹਰ ਦੀ ਨੌਕਰੀ ਦਾ ਲੇਖਾਜੋਖਾ ਘਰ ਦੇਣਾ ਪੈਂਦਾ ਹੈ। ਘਰ ਦੇ "ਖਲਜਗਣ" ਵਿਚੋਂ ਨਿਕਲ ਕੇ ਉਹ ਸੋਚਦੀ ਹੈ ਕਿ ਸਕੂਲ ਵਿਚ "ਸੁਖ ਦਾ ਸਾਹ" ਆਵੇਗਾ। ਪਰ ਕਿਥੇ ? (ਕਮਲਾ ਦਾ ਕਿਰਦਾਰ !) ਘਰ ਦੇ ਨੇੜੇ ਨੌਕਰੀ ਕਰਨਾ ਉਹਦੀ ਲੋੜ ਹੈ। ਨੇੜੇ ਦੇ ਸਕੂਲ ਵਿਚ ਨਿਯੁਕਤੀ ਕਰਵਾਉਣ ਲਈ ਜਾਂ ਬਦਲੀ ਕਰਵਾਉਣ ਲਈ ਸੌਦੇਬਾਜ਼ੀ ਹੁੰਦੀ ਹੈ। ਇਸ ਵਿਚ ਕਲਰਕ ਤੋਂ ਲੈ ਕੇ ਰਾਜਨੀਤਕ ਲੀਡਰ ਤਕ ਸ਼ਾਮਲ ਹੁੰਦੇ ਹਨ।

ਪੰਜਾਬ ਦੇ ਵਿਦਿਅਕ ਵਿਭਾਗ ਵਿਚ ਜੋ ਅਰਾਜਕਤਾ ਫੈਲੀ ਹੋਈ ਹੈ, ਨਾਵਲ ਵਿਚ ਉਹਦੀ ਸਮਰੱਥ ਪੇਸ਼ਕਾਰੀ ਹੈ। ਅਧਿਆਪਕ ਦਾ ਇਹ ਰੂਪ ਸਾਡੇ ਗਲੇ-ਸੜੇ ਢਾਂਚੇ ਵਿਚੋਂ ਪੈਦਾ ਹੋਇਆ ਹੈ। ਖ਼ਾਮੋਸ਼ ਨੇ ਇਸ ਸਾਰੀ ਸਥਿਤੀ ਨੂੰ ਸਮਝਿਆ ਹੈ ਅਤੇ ਉਹ ਮਸਲੇ ਦੀ ਜੜ੍ਹ ਤਕ ਪੁਜਿਆ ਹੈ। ਕੌਮ ਦੇ ਭਵਿੱਖ ਨਾਲ ਸੰਬੰਧਿਤ ਇਸ ਮਸਲੇ ਨਾਲ ਨੇੜਿਉਂ ਦੋ-ਚਾਰ ਹੋਣ ਲਈ ਇਹ ਨਾਵਲ ਪੜ੍ਹਨਾ ਬੜਾ ਲਾਹੇਵੰਦ ਹੈ।

—ਗੁਰਚਰਨ, ਫਰੀਦਕੋਟ

---

## ਗੁਰਬਾਣੀ ਦਾ ਸੱਚ

ਕਿਸ਼ਨ ਸਿੰਘ ਦੇ ਗੁਰਬਾਣੀ ਦੇ ਵੱਖ ਵੱਖ ਪੱਖਾਂ ਬਾਰੇ ਲਿਖੇ ਲੇਖਾਂ ਦਾ ਸੰਗ੍ਰਿਹ ਜਿਸ ਵਿਚ ਗੁਰਬਾਣੀ ਦੀ ਸਮਾਜਕ ਵਸਤੂ, ਗੁਰਬਾਣੀ ਵਿਚ ਹੁਕਮ ਦਾ ਸਿਧਾਂਤ, ਗੁਰਬਾਣੀ ਵਿਚ ਵਿਜੋਗ ਦਾ ਮਸਲਾ, ਗੁਰਬਾਣੀ ਵਿਚ ਬਦੀ ਦਾ ਸੰਕਲਪ, ਗੁਰਬਾਣੀ ਅਤੇ ਸਰਬੱਤ ਦੀ ਆਜ਼ਾਦੀ ਦਾ ਪੈਂਤੜਾ ਆਦਿ ਲੇਖਾਂ ਤੋਂ ਇਲਾਵਾ ਬਾਬਰਵਾਣੀ ਅਤੇ ਗੁਰੂ ਤੇਗ਼ ਬਹਾਦਰ ਦੀ ਬਾਣੀ ਦੀ ਵਿਆਖਿਆ ਵਾਲੇ ਲੇਖ ਵੀ ਹਨ। ਸਫ਼ੇ 200, ਸੁੰਦਰ ਦਿੱਖ, ਮੁਲ : 15 ਰੁਪੈ, 1.50 ਪੌਂਡ, 2.75 ਡਾਲਰ।

---

**ਸੇਧ** ਦਾ ਸਾਲਾਨਾ ਚੰਦਾ ਜਾਂ ਲਾਈਫ਼-ਮੈਂਬਰੀ ਭੇਜਣ ਲਗਿਆਂ ਆਪਣੇ ਸਰਨਾਵੇਂ ਦੇ ਨਾਲ PIN ਨੰਬਰ ਵੀ ਲਿਖੋ ਅਤੇ ਚਿੱਠੀ-ਪੱਤਰ ਕਰਦੇ ਸਮੇਂ ਆਪਣੇ ਚਿੱਟ-ਨੰਬਰ ਦਾ ਹਵਾਲਾ ਜ਼ਰੂਰ ਦਿਉ। ਬੈਂਕ-ਡਰਾਫ਼ਟ ਸਿਰਫ਼ SEDH ਦੇ ਨਾਂ ਹੀ ਹੋਣਾ ਚਾਹੀਦਾ ਹੈ। ਬੈਂਕ ਕੋਈ ਵੀ ਹੋਵੇ।

---

Edited, Printed & Published by Gurvel Singh Pannu, A/42, Defence Colony, New Delhi-110024 Ph. No. 626300
Printed at 'BHULLAR PRINTERS' 44, Street 2, Shankar Nagar Ext., Delhi-51.





## ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ-ਬੁਕ ਬੋਰਡ

ਸੈਕਟਰ 22-ਸੀ, ਚੰਡੀਗੜ੍ਹ

**ਸਾਡੀਆਂ ਮਾਣ-ਯੋਗ ਪ੍ਰਕਾਸ਼ਨਾਵਾਂ**

### ਅੰਗਰੇਜ਼ੀ-ਪੰਜਾਬੀ ਡਿਕਸ਼ਨਰੀ

ਹੁਣ ਤਕ ਛਪੀਆਂ ਸਭ ਅੰਗਰੇਜ਼ੀ-ਪੰਜਾਬੀ ਡਿਕਸ਼ਨਰੀਆਂ ਦੇ ਟਾਕਰੇ ਇਹ ਹਰ ਪਖੋਂ ਸਰਬੋਤ ਡਿਕਸ਼ਨਰੀ ਹੈ । ਇਸ ਦੀ ਪਹਿਲੀ ਜਿਲਦ ਮਾਰਕਿਟ ਵਿਚ ਆ ਗਈ ਹੈ ।

ਪ੍ਰਸਿਧ ਵਿਦਵਾਨ ਡਾ: ਮਹਿੰਦਰ ਸਿੰਘ ਰੰਧਾਵਾ ਇਸ ਬਾਰੇ ਲਿਖਦੇ ਹਨ :—"ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ-ਬੁਕ ਬੋਰਡ ਵਲੋਂ ਪ੍ਰਕਾਸ਼ਿਤ ਅੰਗਰੇਜ਼ੀ-ਪੰਜਾਬੀ ਡਿਕਸ਼ਨਰੀ ਨੂੰ ਵੇਖ ਕੇ ਮੈਨੂੰ ਅਤਿਅੰਤ ਪ੍ਰਸੰਨਤਾ ਹੋਈ ਹੈ। ਇਹ ਅੰਗਰੇਜ਼ੀ ਤੇ ਪੰਜਾਬੀ ਦੋਹਾਂ ਭਾਸ਼ਾਵਾਂ ਵਿਚ ਸੁੰਦਰ ਟਾਈਪ ਨਾਲ ਛਾਪੀ ਗਈ ਹੈ । ਇਹ ਮੁਢਲੀ ਕਿਸਮ ਦਾ ਕੰਮ ਹੈ ਜਿਸ ਲਈ ਇਸ ਦੇ ਸੰਪਾਦਕ ਡਾ: ਅਤਰ ਸਿੰਘ, ਡਾ: ਬਲਬੀਰ ਸਿੰਘ ਸੰਧੂ ਅਤੇ ਬੋਰਡ ਦੇ ਡਾਇਰੈਕਟਰ ਪ੍ਰਸ਼ੰਸਾ ਦੇ ਪਾਤਰ ਹਨ । ਮੇਰੀ ਹਾਰਦਿਕ ਮੁਬਾਰਕ ।"

× ਰੈਕਸੀਨ ਦੀ ਜਿਲਦ

× ਵਧੀਆ ਬਾਈਬਲ ਪੇਪਰ ਤੇ ਆਫਸੈਟ ਦੀ ਛਪਾਈ

× ਸਾਈਜ਼ $\frac{23 \times 33}{8}$

× ਪਹਿਲੀ ਜਿਲਦ ਦਾ ਮੁਲ 32.50 ਰੁਪੈ ।

### ਤਕਨੀਕੀ ਸ਼ਬਦਾਵਲੀਆਂ

ਬੋਰਡ ਵਲੋਂ ਵਿਦਿਆਰਥੀਆਂ ਤੇ ਅਧਿਆਪਕਾਂ ਦੀ ਸਹੂਲਤ ਲਈ ਵਖ ਵਖ ਮਜ਼ਮੂਨਾਂ ਦੀਆਂ ਤਕਨੀਕੀ ਸ਼ਬਦਾਵਲੀਆਂ ਤਿਆਰ ਕਰਵਾਈਆਂ ਗਈਆਂ ਹਨ । ਲੋਕ ਪ੍ਰਸ਼ਾਸਨ, ਇਤਿਹਾਸ, ਭੂਗੋਲ, ਜ਼ੂਆਲੋਜੀ, ਸੋਸ਼ਿਆਲੋਜੀ, ਫਲਸਫਾ, ਰਾਜਨੀਤੀ, ਵਿਗਿਆਨ, ਅਰਥ-ਅੰਕੜਾ, ਬਾਟਨੀ, ਭੌਤਿਕ ਵਿਗਿਆਨ ਤੇ ਰਸਾਇਣ ਦੀਆਂ ਸ਼ਬਦਾਵਲੀਆਂ ਵਿਕਰੀ ਅਧੀਨ ਹਨ ।

### ਭਾਸ਼ਾ ਵਿਗਿਆਨ ਅਤੇ ਸਾਹਿਤ

**1. ਪੰਜਾਬੀ ਰੂਪ ਵਿਗਿਆਨ**

ਪੰਜਾਬੀ ਰੂਪ ਵਿਗਿਆਨ (**Morpphology of Punjabi**) ਭਾਸ਼ਾ ਵਿਗਿਆਨ ਦੇ ਵਿਦਿਆਰਥੀਆਂ ਲਈ ਉਚੇਚੇ ਰੂਪ ਵਿਚ ਲਿਖਵਾਈ ਗਈ ਹੈ । ਇਸ ਦੇ ਲੇਖਕ ਡਾ: ਚਮਨ ਲਾਲ ਹਨ ।

**2. ਅਲੰਕਾਰ ਵਿਧਾਨ**

ਡਾ: ਓਮ ਪ੍ਰਕਾਸ਼ ਰਚਿਤ ਇਹ ਪੁਸਤਕ ਐਮ. ਏ. ਪੰਜਾਬੀ ਦੇ ਵਿਦਿਆਰਥੀਆਂ ਲਈ ਅਤਿਅੰਤ ਉਪਯੋਗੀ ਹੈ । ਇਸ ਵਿਚ ਲੇਖਕ ਨੇ 'ਅਲੰਕਾਰ' ਬਾਰੇ ਸਰਬ-ਪੱਖੀ ਵਿਵੇਚਨ ਪ੍ਰਸਤੁਤ ਕੀਤਾ ਹੈ ਤੇ ਪੰਜਾਬੀ ਕਵਿਤਾ ਵਿਚੋਂ ਅਨੇਕਾਂ ਉਦਾਹਰਣਾਂ ਦਿਤੀਆਂ ਹਨ । ਸਾਈਜ਼ $\frac{18 \times 23}{8}$ ਮੁਲ : 4.65

**3. ਇਕਾਂਗੀ ਕਲਾ**

ਡਾ: ਰੋਸ਼ਨ ਲਾਲ ਅਹੂਜਾ ਕ੍ਰਿਤ ਇਹ ਪੁਸਤਕ ਵੀ ਐਮ. ਏ. ਪੰਜਾਬੀ ਦੇ ਵਿਦਿਆਰਥੀਆਂ ਲਈ ਹੈ । ਲੇਖਕ ਨੇ ਸੰਖੇਪ ਵਿਚ 'ਇਕਾਂਗੀ ਕਲਾ' ਦੇ ਸਾਰੇ ਪੱਖਾਂ ਨੂੰ ਸਫਲਤਾ ਨਾਲ ਬਿਆਨ ਕੀਤਾ ਹੈ । ਸਾਈਜ਼ $\frac{18 \times 23}{8}$, ਮੁਲ 6.15 ਰੁਪੈ

ਇਨ੍ਹਾਂ ਤੋਂ ਇਲਾਵਾ ਇਹ ਪੁਸਤਕਾਂ ਵੀ ਛਪ ਕੇ ਤਿਆਰ ਹੋ ਗਈਆਂ ਹਨ :—

1. ਆਰਥਿਕ ਤੇ ਵਪਾਰਕ ਭੂਗੋਲ (ਡਿਗਰੀ ਕਲਾਸਾਂ ਲਈ)
2. ਸਿਖਿਆ ਵਿਚ ਸਮਵਾਇ (ਜੇ. ਬੀ. ਟੀ ਤੇ ਬੀ. ਐਡ ਲਈ)
3. ਲੇਖਾ-ਪੜਤਾਲ ਦੀ ਪਾਠ-ਪੁਸਤਕ (ਬੀ. ਕਾਮ ਲਈ)

**ਮਿਲਣ ਦਾ ਪਤਾ : ਲਾਇਲ ਬੁਕ ਡਿਪੂ, ਲੁਧਿਆਣਾ**

ਵਪਾਰਕ ਸ਼ਰਤਾਂ ਲਈ ਬੋਰਡ ਦੇ ਪ੍ਰਕਾਸ਼ਨ ਤੇ ਵਿਕਰੀ ਅਫਸਰ ਨਾਲ ਸੰਪਰਕ ਪੈਦਾ ਕਰੋ ।


**ाधुनिक भारत के देवालय"**






ालाएँ, बाँध, पुल इत्यादि आधुनिक भारत
ालय हैं।

ार तथा अभियन्ता इन आधुनिक देवालयों
ीव कल्पना करते हैं। रॉकफोर्ट सीमेंट
ी कल्पना को मूर्त रूप प्रदान करता है।

रॉकफोर्ट श्रेष्ठता की परम्परा का पर्याय

**डालमिया सिमेंट (भारत) लि०**

फैक्ट्री : डालमियापुरम-621651 (तामिलनाडु) मुख्य कार्यालय : हंसालय
(11वीं तथा 12वीं मंजिल) 15, बाराखम्बा रोड, नई दिल्ली-110001

Registered with the Registrar of Newspapers
for India—Registration No 23895/72 Regd. No. D (SE) 001

# ਕਮਜ਼ੋਰ ਵਰਗਾਂ ਦੀ ਰੱਖਿਆ ਤੇ ਸਹਾਇਤਾ ਕਰੋ

ਹਰੀਜਨਾਂ ਤੇ ਹੋਰਨਾਂ ਕਮਜ਼ੋਰ ਵਰਗਾਂ ਉਤੇ ਹਮਲੇ ਸਾਡੇ ਸਮਾਜ ਉਤੇ ਕਲੰਕ ਦਾ ਟਿੱਕਾ ਹਨ। ਇਹ ਸਾਡੀ ਉੱਨਤੀ ਵਿਚ ਰੁਕਾਵਟ ਹਨ।



ਆਉ ਭਾਰਤੀ ਪਰੰਪਰਾ ਦਾ ਸਤਿਕਾਰ ਕਰੀਏ।